# 21
# ਫ਼ੈਲਦੀ ਲਾਟ
## (8:1-40)

ਰਸੂਲਾਂ ਦੇ ਕੰਮ ਅਧਿਆਇ 7 ਇਸਤੀਫ਼ਾਨ ਤੇ ਹੋਏ ਪਥਰਾਅ ਨਾਲ ਖ਼ਤਮ ਹੁੰਦਾ ਹੈ। ਇਸਤੀਫ਼ਾਨ ਲਈ, ਉਹਦੀ ਮੌਤ ਤਾਜਪੋਸ਼ੀ ਦਾ ਜਸ਼ਨ ਬਣ ਗਈ ਅਤੇ ਯਹੂਦੀ ਸਭਾ ਲਈ, ਉਨ੍ਹਾਂ ਨੂੰ ਮਿਲਣ ਵਾਲੀ ਸਜ਼ਾ।[1] ਸੌਲੁਸ ਲਈ, ਉਹਦੇ ਅੰਤਹਕਰਣ ਨੂੰ ਵਿੰਨ੍ਹਣ ਦਾ ਕਾਰਣ ਬਣੀ। ਅੰਤ ਵਿਚ ਕਲੀਸੀਆ ਲਈ, ਇਹ ਪ੍ਰਭੂ ਦੇ ਹੁਕਮ ਨੂੰ ਪੂਰਾ ਕਰਨ ਦਾ ਕਾਰਣ ਬਣੀ।

ਯਿਸੂ ਨੇ ਰਸੂਲਾਂ ਨੂੰ "*ਸਾਰੇ* ਜਗਤ ਵਿਚ ਜਾ ਕੇ" "*ਸਾਰੀਆਂ* ਕੌਮਾਂ ਨੂੰ ਚੇਲੇ" ਬਣਾਉਣ ਦੀ ਚੁਣੌਤੀ ਦਿੱਤੀ ਸੀ (ਮਰਕੁਸ 16:15; ਮੱਤੀ 28:19)। ਉਹਨੇ ਕਿਹਾ ਸੀ, "ਤੁਸੀਂ ... ਯਰੂਸ਼ਲਮ ਅਰ ਸਾਰੇ ਯਹੂਦੀਆ ਅਤੇ ਸਾਮਰੀਆ ਵਿਚ ਸਗੋਂ ਧਰਤੀ ਦੇ ਬੰਨੇ ਤੀਕਰ ਮੇਰੇ ਗਵਾਹ ਹੋਵੋਗੇ" (1:8)। ਯਿਸੂ ਕਲੀਸੀਆ ਨੂੰ ਇਕ ਸ਼ਹਿਰ ਦੀ ਧਾਰਮਿਕ ਸੋਸਾਇਟੀ *ਨਹੀਂ* ਬਣਾਉਣਾ ਚਾਹੁੰਦਾ ਸੀ। ਪਰ ਅਧਿਆਇ 7 ਦੇ ਲਿਖੇ ਜਾਣ ਤਕ ਕਈ ਸਾਲ ਬੀਤ ਚੁੱਕੇ ਸਨ,[2] ਅਤੇ ਕਲੀਸੀਆ ਅਜੇ ਵੀ ਮੁੱਖ ਰੂਪ ਵਿਚ ਯਰੂਸ਼ਲਮ ਤਕ ਹੀ ਸੀਮਤ ਸੀ।[3]

ਰਸੂਲ ਯਿਸੂ ਦੀ ਯੋਜਨਾ ਦੇ ਦੂਜੇ ਚਰਣ ਲਈ ਅੱਗੇ ਕਿਉਂ ਨਹੀਂ ਵਧੇ ਸਨ? ਕੀ ਉਹ ਉਹਦੇ ਨਿਰਦੇਸ਼ਾਂ ਨੂੰ ਸਮਝੇ ਨਹੀਂ ਸਨ? ਕੀ ਉਹ ਹੋਰ ਇਲਾਕਿਆਂ ਵਿਚ ਫੈਲਣ ਤੋਂ ਪਹਿਲਾਂ ਯਰੂਸ਼ਲਮ ਵਿਚ ਬਹੁਤ ਕੁਝ ਕਰਨ ਦੀ ਸੋਚ ਰਹੇ ਸਨ? (ਮੈਂ ਪਤਰਸ ਨੂੰ ਹੌਕਾ ਭਰਦਿਆਂ ਸਰ੍ਹਾਣੇ ਤੇ ਸਿਰ ਰੱਖ ਕੇ ਸ੍ਰੀਮਤੀ ਪਤਰਸ ਨੂੰ ਇਹ ਕਹਿੰਦਿਆਂ ਕਲਪਨਾ ਕਰ ਸਕਦਾ ਹਾਂ: "ਇੱਥੇ ਯਰੂਸ਼ਲਮ ਵਿਚ ਹੀ ਕਲੀਸੀਆ ਨੂੰ ਸੰਭਾਲਣਾ ਕਿੰਨਾ ਔਖਾ ਹੋ ਰਿਹਾ ਹੈ! ਤੂੰ ਕਲਪਨਾ ਕਰ ਸਕਦੀ ਹੈਂ ਕਿ ਜਦ ਕਲੀਸੀਆ ਪੂਰੀ ਦੁਨੀਆਂ ਵਿਚ ਫੈਲ ਜਾਵੇਗੀ ਤਾਂ ਕੀ ਹੋਵੇਗਾ?") ਕਾਰਣ ਜੋ ਵੀ ਹੋਵੇ, ਪੂਰੀ ਦੁਨੀਆਂ ਵਿਚ ਯਿਸੂ ਦੀ ਖੁਸ਼ਖ਼ਬਰੀ ਨੂੰ ਲਿਜਾਣ ਦੀ ਯੋਜਨਾ ਦਲਦਲ ਵਿਚ ਫ਼ਸ ਚੁੱਕੀ ਸੀ।

ਇੱਥੇ ਆਣ ਕੇ ਖ਼ੁਦਾ ਨੇ ਦਖ਼ਲ ਦਿੱਤਾ ਅਤੇ ਕਿਹਾ, "ਇੰਜੀਲ ਨੂੰ ਯਰੂਸ਼ਲਮ ਤੋਂ ਬਾਹਰ ਕੱਢਣ ਦਾ *ਇਹੀ ਸਮਾਂ* ਹੈ।" "ਉਸੇ ਦਿਨ ਕਲੀਸੀਆ ਉੱਤੇ ਜੋ ਯਰੂਸ਼ਲਮ ਵਿਚ ਸੀ ਵੱਡਾ ਕਸ਼ਟ ਹੋਣ ਲੱਗਾ ਅਤੇ ਰਸੂਲਾਂ ਤੋਂ ਬਿਨਾਂ ਉਹ ਸਭ ਯਹੂਦੀਆ ਅਰ ਸਾਮਰੀਆ ਦੇ ਦੇਸ਼ਾਂ ਵਿਚ ਖਿੰਡ ਗਏ" (8:1)। ਇੱਥੇ ਸਾਨੂੰ ਇਕ ਹੋਰ ਗੱਲ ਤੇ ਧਿਆਨ ਦੇਣਾ ਪਵੇਗਾ ਕਿ ਸਤਾਅ ਖ਼ੁਦਾ ਨੇ *ਪੈਦਾ* ਨਹੀਂ ਕੀਤਾ ਸੀ; ਇਹਦੇ ਪਿੱਛੇ ਸ਼ੈਤਾਨ ਦਾ ਹੱਥ ਸੀ, ਉਹ ਕੱਟੜ ਸੌਲੁਸ ਨੂੰ ਹਥਿਆਰ ਦੇ ਰੂਪ ਵਿਚ ਵਰਤ ਰਿਹਾ ਸੀ, ਪਰ ਬਾਅਦ ਵਿਚ ਖ਼ੁਦਾ ਨੇ ਉਸ ਨੂੰ *ਵਰਤਿਆ।* ਜਦ ਮੈਂ ਛੋਟਾ ਸਾਂ, ਤਾਂ ਉਨ੍ਹੀਂ ਦਿਨੀਂ ਅਮਰੀਕਾ ਉਸ ਅੰਤਰਰਾਸ਼ਟਰੀ ਸੰਘਰਸ਼ ਵਿਚ ਸ਼ਾਮਲ ਸੀ ਜਿਸ ਨੂੰ ਦੂਜਾ ਵਿਸ਼ਵ ਯੁੱਧ ਕਿਹਾ ਜਾਂਦਾ ਹੈ। ਕੋਈ ਨਹੀਂ ਕਹੇਗਾ ਕਿ ਇਸ ਖ਼ਤਰਨਾਕ ਜੰਗ ਵਿਚ,

ਜਿਹਨੇ ਹਜ਼ਾਰਾਂ ਲੋਕਾਂ ਦੀ ਜਾਨ ਲਈ, ਖ਼ੁਦਾ ਜ਼ਿੰਮੇਵਾਰ ਹੋਵੇਗਾ, ਪਰ ਖ਼ੁਦਾ ਨੇ ਇਸ ਲੜਾਈ ਨੂੰ ਅਮਰੀਕਾ ਵਿਚ ਪ੍ਰਭੂ ਦੀ ਕਲੀਸੀਆ ਵਿਚ ਮਿਸ਼ਨਰੀ ਰੂਹ ਜਗਾਉਣ ਲਈ ਵਰਤਿਆ ਜ਼ਰੂਰ। ਮਸੀਹੀ ਫ਼ੌਜੀ ਘਰ ਪਰਤ ਕੇ ਦੱਸਦੇ ਸਨ ਕਿ ਦੂਰ ਦਰਾਜ ਦੇ ਇਲਾਕਿਆਂ ਵਿਚ ਖੁਸ਼ਖ਼ਬਰੀ ਦੀ ਬਹੁਤ ਲੋੜ ਹੈ। ਬਹੁਤ ਸਾਰੇ ਲੋਕਾਂ ਨੇ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਮਸੀਹੀ ਦੀ ਚੰਗਿਆਈ ਦੀ ਖੁਸ਼ਖ਼ਬਰੀ ਲੈ ਕੇ ਉਨ੍ਹਾਂ ਥਾਂਵਾਂ ਵੱਲ ਨਿੱਕਲ ਗਏ ਜਿੱਥੇ ਉਨ੍ਹਾਂ ਨੇ ਯੁੱਧ ਕੀਤਾ ਸੀ। ਬਿਲਕੁਲ ਇਸੇ ਤਰ੍ਹਾਂ ਖ਼ੁਦਾ ਨੇ ਉਸ ਸਤਾਅ ਨੂੰ, ਜੋ ਇਸਤੀਫ਼ਾਨ ਦੀ ਮੌਤ ਦੇ ਬਾਅਦ ਉੱਠਿਆ ਸੀ, ਵਰਤਿਆ। ਸ਼ੈਤਾਨ ਕਲੀਸੀਆ ਨੂੰ ਖ਼ਤਮ ਕਰਨ ਲਈ ਸਤਾ ਰਿਹਾ ਸੀ, ਪਰ ਖ਼ੁਦਾ ਨੇ ਕਲੀਸੀਆ ਨੂੰ ਫੈਲਾਉਣ ਲਈ ਇਸੇ ਸਤਾਅ ਦੀ ਵਰਤੋਂ ਕੀਤੀ।

ਰਸੂਲਾਂ ਦੇ ਕੰਮ 8 ਅਧਿਆਇ ਦੇ ਪਹਿਲੇ ਭਾਗ ਵਿਚ ਜੋ ਕੁਝ ਹੋਇਆ ਉਸ ਲਈ ਬਹੁਤ ਸਾਰੀਆਂ ਸਮਾਨਤਾਵਾਂ ਸੁਝਾਈਆਂ ਗਈਆਂ ਹਨ। ਇਕ ਸਮਾਨਤਾ ਕਲੀਸੀਆ ਨੂੰ ਯਰੂਸ਼ਲਮ ਵਿਚ ਘਿਰੇ ਹੋਏ ਦੱਸਦੀ ਹੈ। ਕਲੀਸੀਆ ਦਾ ਵਿਨਾਸ਼ ਕਰਨ ਲਈ ਸੌਲੁਸ ਦੀਆਂ ਕੋਸ਼ਸ਼ਾਂ ਦਾ ਬੰਨ੍ਹ ਟੁੱਟ ਗਿਆ, ਅਤੇ ਕਲੀਸੀਆ ਚਾਰੇ ਪਾਸੇ ਵਗ ਗਈ। ਦੂਜੀ ਸਮਾਨਤਾ ਦਾ ਸੁਝਾਅ ਹੈ ਕਿ ਸੌਲੁਸ ਦੁਆਰਾ ਕਲੀਸੀਆ ਨੂੰ ਸਤਾਉਣਾ ਹਵਾ ਦੇ ਬੀਜ ਨੂੰ ਉਡਾਉਣ ਵਾਂਗ ਹੈ ਯਾਨੀ ਇਸ ਨੇ ਇਸ ਨੂੰ ਖਿੰਡਾ ਦਿੱਤਾ[4] ਅਤੇ ਬਹੁਤ ਵਧੀਆ ਫ਼ਸਲ ਹੋਈ। ਸ਼ਾਇਦ ਇਹ ਦੀ ਸਭ ਤੋਂ ਵਧੀਆ ਸਮਾਨਤਾ ਗ੍ਰੀਸ ਜਾਂ ਤੇਲ ਨਾਲ ਲੱਗੀ ਅੱਗ ਨੂੰ ਬੁਝਾਉਣ ਦੀ ਕੋਸ਼ਸ਼ ਕਰਨਾ ਹੈ। ਅਜਿਹੀ ਲੰਬ ਉੱਤੇ ਪਾਣੀ ਪਾਇਆਂ ਅੱਗ ਬੁਝਦੀ ਨਹੀਂ ਸਗੋਂ ਹੋਰ *ਫੈਲਦੀ* ਹੈ। ਅਧਿਆਇ 8 ਵਿਚ, ਸੌਲੁਸ ਵੱਲੋਂ ਕਲੀਸੀਆ ਨੂੰ ਸਤਾਉਣ ਨਾਲ ਮਸੀਹੀਅਤ ਦੀ ਅੱਗ ਹੋਰ ਫੈਲਣ ਲੱਗੀ।

## ਲਾਟ ਫੈਲਦੀ ਹੈ (8:1-4)

ਪੰਜਾਬੀ ਦੀ ਬਾਈਬਲ ਵਿਚ 8 ਅਧਿਆਇ ਦੇ ਆਖ਼ਰੀ ਸ਼ਬਦ ਇਹ ਹਨ: ''ਅਤੇ ਸੌਲੁਸ ਉਹ [ਇਸਤੀਫ਼ਾਨ] ਦੇ ਮਾਰ ਦੇਣ ਉੱਤੇ ਰਾਜ਼ੀ ਸੀ'' (8:1)। ਇਕ ਹੋਰ ਥਾਂ ਲਿਖਿਆ ਹੈ ਕਿ ਸੌਲੁਸ ਨੂੰ ਉਸ ਦੇ ਕੰਮ ਲਈ ਸਭਾ ਦੀ ਹਮਾਇਤ ਸੀ (9:1, 2; 22:4, 5; 26:10) ਯਾਨੀ ਉਹ ਮਹਾਸਭਾ ਦਾ ਭਾੜੇ ਦਾ ਕਾਤਲ ਸੀ।[5] ਯਕੀਨਨ ਹੀ ਉਹਦੇ ਹੋਰ ਬਹੁਤ ਸਾਰੇ ਮਦਦਗਾਰ ਸਨ (ਸ਼ਾਇਦ ਕਿਰਾਏ ਦੇ ਗੁੰਡੇ);[6] ਐਨਾ ਨੁਕਸਾਨ ਉਹ ਇਕੱਲ੍ਹਾ ਨਹੀਂ ਕਰ ਸਕਦਾ ਸੀ। ਪਰ ਉਸ ਸਤਾਅ ਦੇ ਪਿੱਛੇ ਪ੍ਰੇਰਣਾ ਦੇਣ ਵਾਲਾ ''ਜਵਾਨ'' ਸੌਲੁਸ ਹੀ ਸੀ, ਜਿਹਦੇ ਪੈਰਾਂ ਕੋਲ ਇਸਤੀਫ਼ਾਨ ਤੇ ਪਥਰਾਅ ਸਮੇਂ ਗਵਾਹਾਂ ਨੇ ਕੱਪੜੇ ਰੱਖੇ ਸਨ (7:58)।

ਆਇਤ 1 ਦੱਸਦੀ ਹੈ, ''ਉਸੇ ਦਿਨ [ਜਿਸ ਦਿਨ ਇਸਤੀਫ਼ਾਨ ਮਰਿਆ] ਕਲੀਸੀਆ ਉੱਤੇ ਜੋ ਯਰੂਸ਼ਲਮ ਵਿਚ ਸੀ ਵੱਡਾ ਕਸ਼ਟ ਹੋਣ ਲੱਗਾ'' (8:1)। ਕਿਉਂਕਿ ਇਸਤੀਫ਼ਾਨ ਦਾ ਖ਼ੂਨ ਸਭਾ ਦੀ ਮਰਜ਼ੀ ਨਾਲ ਹੋਇਆ ਸੀ, ਇਸ ਲਈ ਮੈਂ ਮੰਨ ਲੈਂਦਾ ਹਾਂ ਕਿ ਇਹ ਕਸ਼ਟ ਅਮੀਰਾਂ ਅਤੇ ਤਾਕਤਵਰ ਲੋਕਾਂ ਦੇ ਗੁਪਤ ਕਮਰਿਆਂ ਵਿਚ ਰਚੀ ਗਈ ਸਾਜਸ਼ ਨਹੀਂ ਸੀ, ਸਗੋਂ ਇਸਤੀਫ਼ਾਨ ਦੇ ਖ਼ੂਨ ਵਾਂਗ ਆਪਣੀ ਮਰਜ਼ੀ ਨਾਲ ਸੀ।

''ਓਸੇ ਦਿਨ ... ਵੱਡਾ ਕਸ਼ਟ ਹੋਣ ਲੱਗਾ'' ਵਾਕਾਂਸ਼ ਤੋਂ ਭਾਵ ਇਹ ਨਹੀਂ ਕਿ ਅਧਿਆਇ 8 ਦੀਆਂ ਪਹਿਲੀਆਂ ਚਾਰ ਆਇਤਾਂ ਦੀਆਂ ਸਾਰੀਆਂ ਘਟਨਾਵਾਂ ਉਸੇ ਦਿਨ ਵਾਪਰੀਆਂ ਜਿਸ ਦਿਨ ਇਸਤੀਫ਼ਾਨ ਮਰਿਆ ਸੀ। ਸਗੋਂ, ਇਹ ਕਿ ਉਸੇ ਦਿਨ *ਸ਼ੁਰੂ ਹੋਇਆ* ਕਸ਼ਟ ਕਈ ਦਿਨਾਂ ਤਕ ਚੱਲਦਾ ਰਿਹਾ।

ਕਸ਼ਟ ਹੋਣ ਤੇ ''ਉਹ ਸਭ *ਯਹੂਦੀਆ ਅਰ ਸਾਮਰੀਆ* ਦੇ ਦੇਸ਼ਾਂ ਵਿਚ ਖਿੰਡ ਗਏ'' (8:1)।[7] ਇਹ ਹਵਾਲਾ 1:8 ਵੱਲ ਇਸ਼ਾਰਾ ਕਰਦਾ ਹੈ, ਜਦ ਯਿਸੂ ਨੇ ਕਿਹਾ ਸੀ ''ਤੁਸੀਂ ... ਯਰੂਸ਼ਲਮ ਅਰ ਸਾਰੇ *ਯਹੂਦੀਆ ਅਤੇ ਸਾਮਰੀਆ* ਵਿਚ ... ਮੇਰੇ ਗਵਾਹ ਹੋਵੋਗੇ।'' ਅਸੀਂ ਯਿਸੂ ਦੀ ਯੋਜਨਾ ਦੇ ਦੂਜੇ ਚਰਣ ਵਿਚ ਪਹੁੰਚ ਗਏ ਹਾਂ।

ਧਿਆਨ ਦਿਓ ਕਿ ''ਰਸੂਲਾਂ ਤੋਂ ਬਿਨਾਂ ਉਹ ਸਭ ਯਹੂਦੀਆ ਅਤੇ ਸਾਮਰੀਆ ਦੇ ਦੇਸ਼ਾਂ ਵਿਚ ਖਿੰਡ ਗਏ'' ਸਨ (8:1)। ਸਾਨੂੰ ਨਹੀਂ ਪਤਾ ਕਿ ਦੂਜੇ ਮਸੀਹੀਆਂ ਵਾਂਗ ਰਸੂਲ ਕਿਉਂ ਨਹੀਂ ਖਿੰਡੇ ਸਨ। ਸ਼ਾਇਦ, ਉਨ੍ਹਾਂ ਦੀ ਸ਼ਕਤੀ ਤੋਂ ਡਰ ਕੇ ਅਤੇ ਇਹ ਮੰਨ ਕੇ ਕਿ ਜੇ ਉਨ੍ਹਾਂ ਦੇ ਪੈਰੋਕਾਰ ਨਹੀਂ ਹੋਣਗੇ ਤਾਂ ਉਨ੍ਹਾਂ ਤੋਂ ਕਿਸੇ ਕਿਸਮ ਦਾ ਖ਼ਤਰਾ ਨਹੀਂ ਹੋਵੇਗਾ, ਸੌਲੁਸ ਅਤੇ ਉਹਦੇ ਸਾਥੀਆਂ ਨੇ ਉਨ੍ਹਾਂ ਨੂੰ ਇਕੱਲੇ ਛੱਡ ਦਿੱਤਾ। ਸ਼ਾਇਦ ਜੋਖ਼ਮ ਦੀ ਪਰਵਾਹ ਕੀਤੇ ਬਿਨਾਂ ਰਸੂਲਾਂ ਨੇ ਰਹਿਣ ਲਈ ਯਰੂਸ਼ਲਮ ਨੂੰ ਚੁਣਿਆ ਤਾਂ ਜੋ ਜਿਨ੍ਹਾਂ ਮਸੀਹੀਆਂ ਤੇ ਸੌਲੁਸ ਦੀ ਨਜ਼ਰ ਨਹੀਂ ਪਈ ਸੀ,[8] ਉਹ ਉਨ੍ਹਾਂ ਦੀ ਅਤੇ ਗ੍ਰਿਫ਼ਤਾਰ ਹੋਏ ਲੋਕਾਂ ਦੀ ਸੇਵਾ ਕਰ ਸਕਣ। ਕੋਈ ਹੋਰ ਕਾਰਣ ਵੀ ਹੋ ਸਕਦਾ ਹੈ।[9] ਲੂਕਾ ਦਾ ਮਕਸਦ ਇਹ ਦੱਸਣਾ ਨਹੀਂ ਸੀ ਕਿ ਕਸ਼ਟ ਨਾਲ ਰਸੂਲ ਕਿਵੇਂ ਪ੍ਰਭਾਵਤ ਹੋਏ ਸਗੋਂ ਇਹ ਸੀ ਕਿ ਕਸ਼ਟ ਨੇ ਕਲੀਸੀਆ ਦੇ ਆਮ ਲੋਕਾਂ ਨੂੰ ਪ੍ਰਭਾਵਤ ਕੀਤਾ। ਇਹ ਪਹਿਲੀ ਵਾਰ ਸੀ ਕਿ ਸਤਾਅ ਲਈ ਪੂਰੀ ਕਲੀਸੀਆ ਨੂੰ ਨਿਸ਼ਾਨਾ ਬਣਾਇਆ ਗਿਆ। ਰਸੂਲ ਦਬਾਅ ਵਿਚ ਰਹਿ ਕੇ ਵੀ ਕਾਇਮ ਰਹਿ ਸਕਦੇ ਸਨ (ਅਧਿਆਇ 4 ਅਤੇ 5)। ਕਲੀਸੀਆ ਦੇ ਬਾਕੀ ਲੋਕਾਂ ਦਾ ਕੀ ਹੋਇਆ? ਉਨ੍ਹਾਂ ਦੀ ਹਾਲਤ ਕੀ ਹੋਵੇਗੀ?

ਸਾਨੂੰ ਬਹੁਤੀ ਦੇਰ ਤਕ ਹੈਰਾਨੀ ਨਹੀਂ ਰਹਿੰਦੀ ਕਿਉਂਕਿ ਆਇਤ 2 ਦੱਸਦੀ ਹੈ, ''ਭਗਤ ਲੋਕਾਂ ਨੇ ਇਸਤੀਫ਼ਾਨ ਨੂੰ ਦੱਬਿਆ ਅਤੇ ਉਹ ਦੇ ਲਈ ਵੱਡਾ ਵਿਰਲਾਪ ਕੀਤਾ'' (ਆਇਤ 2)। ਇਸਤੀਫ਼ਾਨ ਦੇ ਖ਼ੂਨ ਨਾਲ ਲਿੱਬੜੀ ਲਾਸ਼ ਨੂੰ ਧਰਤੀ ਤੇ ਪਿਆ ਵੇਖ ਕੇ ਨਰਾਜ਼ ਭੀੜ ਚਲੀ ਗਈ, ਖ਼ੂਨ ਦੀ ਉਨ੍ਹਾਂ ਦੀ ਪਿਆਸ ਥੋੜ੍ਹੀ ਦੇਰ ਲਈ ਮਿਟ ਗਈ। ਮਸੀਹੀ,[10] ਜਿਨ੍ਹਾਂ ਨੂੰ ਪਤਾ ਸੀ ਕਿ ਉਹ ਖ਼ਤਰਾ ਮੁੱਲ ਲੈ ਰਹੇ ਹਨ, ਉਸ ਥਾਂ ਤੇ ਆਏ ਅਤੇ ਉਹਦੀ ਟੁੱਟੀ ਭੱਜੀ ਲਾਸ਼ ਨੂੰ ਬੜੇ ਪਿਆਰ ਨਾਲ ਚੁੱਕ ਕੇ, ਦਫ਼ਨਾਉਣ ਦੀ ਤਿਆਰੀ ਕਰਨ ਲਈ ਘਰ ਲੈ ਗਏ। ਯਹੂਦੀ ਸ਼ਰ੍ਹਾ ਮੌਤ ਦੀ ਸਜ਼ਾ ਪਾਏ ਮੁਜਰਮਾਂ ਨੂੰ ਦਫ਼ਨਾਉਣ ਦੀ ਇਜਾਜ਼ਤ ਤਾਂ ਦਿੰਦੀ ਸੀ ਪਰ ਉਨ੍ਹਾਂ ਲਈ ਸੋਗ ਕਰਨ ਦੀ ਮਨਾਹੀ ਕਰਦੀ ਸੀ।[11] ਖ਼ਤਰੇ ਦੇ ਬਾਵਜੂਦ ਇਨ੍ਹਾਂ ਬਹਾਦਰ ਲੋਕਾਂ ਨੇ ਆਪਣੇ ਦੁੱਖ ਨੂੰ ਲੁਕਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ; ਉਨ੍ਹਾਂ ਨੇ ਉਹਦੇ ਲਈ ਬੜਾ ਵਿਰਲਾਪ ਕੀਤਾ!

ਲੋਕ ਜਦ ਸੋਗ ਵਿਚ ਡੁੱਬੇ ਹੋਏ ਸਨ, ਸੌਲੁਸ ਪਾਗਲਪਨ ਵਿਚ ਡੁੱਬਿਆ ਪਿਆ ਸੀ: ''ਸੌਲੁਸ ਕਲੀਸੀਆ ਦਾ ਨਾਸ ਕਰਦਾ ਸੀ ਅਤੇ ਉਹ ਘਰਾਂ ਵਿਚ ਵੜ ਵੜ ਕੇ ਮਰਦਾਂ ਅਤੇ ਤੀਵੀਆਂ ਨੂੰ ਧੂ ਘਸੀਟ[12] ਕੇ ਕੈਦ ਵਿਚ ਪਾਅਉਂਦਾ ਸੀ'' (ਆਇਤ 3)। ਯੂਨਾਨੀ ਭਾਸ਼ਾ ਦੇ ਅਨੁਵਾਦ ''ਨਾਸ ਕਰਦਾ'' ਦੀ ਵਰਤੋਂ ਰਾਹ ਵਿਚ ਜੰਗਲੀ ਜਾਨਵਰਾਂ ਵੱਲੋਂ ਆਪਣੇ ਸ਼ਿਕਾਰ ਨੂੰ ਮਾਰ ਕੇ ਪਾੜ ਦੇਣ ਲਈ ਵਰਤਿਆ ਜਾਂਦਾ ਸੀ। ਸੌਲੁਸ ਇਕ ਜੰਗਲੀ ਜਾਨਵਰ ਬਣ ਚੁੱਕਿਆ ਸੀ ਜਿਹਦਾ ਇੱਕੋ ਇਕ ਮਕਸਦ, ਕਲੀਸੀਆ ਦਾ ਨਾਸ। ਆਦਮੀ ਹੋਵੇ ਜਾਂ ਔਰਤ ਉਹ ਕਿਸੇ ਨੂੰ ਵੀ ਬਖ਼ਸ਼ਦਾ ਨਹੀਂ ਸੀ। ਸੌਲੁਸ ਅਤੇ ਸਾਥੀ ਮਸੀਹੀ ਲੋਕਾਂ ਦੇ ਘਰਾਂ ਵਿਚ ਜ਼ਬਰਦਸਤੀ ਵੜਦੇ, ਮਾਂ ਪਿਓ ਦੇ ਹੱਥ ਪਿੱਛੇ ਬੰਨ੍ਹ ਕੇ ਬੱਚਿਆਂ ਨੂੰ ਵਿਲਕਦੇ ਛੱਡ ਕੇ ਉਨ੍ਹਾਂ ਨੂੰ ਘਸੀਟਦਿਆਂ ਜੇਲ੍ਹ ਤਕ ਲੈ ਜਾਂਦੇ ਹਨ। ਜੇਲ੍ਹ ਵਿਚ, ਇਸ ਮਕਸਦ ਨਾਲ ਕਿ ਕਿਸੇ ਤਰ੍ਹਾਂ ਉਹ ਆਪਣੇ ਵਿਸ਼ਵਾਸ ਤੋਂ ਮੁੱਕਰ ਜਾਣ, ਉਹ ਉਨ੍ਹਾਂ ਨੂੰ ਕੁੱਟਦਾ ਅਤੇ ਤਸੀਹੇ ਦਿੰਦਾ ਹੋਵੇਗਾ। ਕਈਆਂ ਨੂੰ ਮੌਤ

ਦੇ ਘਾਟ ਉਤਾਰ ਦਿੱਤਾ ਗਿਆ ਸੀ। ਬਾਅਦ ਵਿਚ ਉਹਨੇ ਆਪਣੇ ਇਸ ਜਨੂਨ ਬਾਰੇ ਦੱਸਿਆ:

> ਅਰ ਮੈਂ ਪੁਰਖਾਂ ਅਤੇ ਤੀਵੀਆਂ ਨੂੰ ਬੰਨ੍ਹ ਬੰਨ੍ਹ ਕੇ ਅਰ ਕੈਦ ਵਿਚ ਪੁਆ ਕੇ ਇਸ ਪੰਥ ਦੇ ਲੋਕਾਂ ਨੂੰ ਮੌਤ ਤੀਕਰ ਸਤਾਇਆ ... । ਜੋ ਮੈਂ ਉਨ੍ਹਾਂ ਨੂੰ ਜਿਹਨਾਂ [ਯਿਸੂ] ਉੱਤੇ ਨਿਹਚਾ ਕੀਤੀ ਕੈਦ ਕਰਦਾ ਅਤੇ ਹਰੇਕ ਸਮਾਜ ਵਿਚ ਮਾਰਦਾ ਸਾਂ। ਸੋ ... ਮੈਂ ... ਬਹੁਤ ਸੰਤਾਂ ਨੂੰ ਕੈਦਖ਼ਾਨਿਆਂ ਵਿਚ ਬੰਦ ਕੀਤਾ ਅਤੇ ਜਾਂ ਉਹ ਮਾਰੇ ਜਾਂਦੇ ਸਨ ਤਾਂ ਮੈਂ ਉਨ੍ਹਾਂ ਦੇ ਵਿਰੁੱਧ ਹਾਮੀ ਭਰਦਾ ਸਾਂ। ਮੈਂ ਹਰੇਕ ਸਮਾਜ ਵਿਚ ਉਨ੍ਹਾਂ ਨੂੰ ਬਹੁਤ ਵਾਰੀ ਸਜ਼ਾ ਦੇ ਕੇ ਕੁਫ਼ਰ ਬਕਵਾਉਣ ਲਈ ਉਨ੍ਹਾਂ ਨੂੰ ਤੰਗ ਕੀਤਾ ਸਗੋਂ ਉਨ੍ਹਾਂ ਦੇ ਵਿਰੋਧ ਵਿਚ ਅੱਤ ਸੁਦਾਈ ਹੋ ਕੇ ਮੈਂ ਪਰਦੇਸ ਦੇ ਨਗਰਾਂ ਤੀਕ ਵੀ ਉਨ੍ਹਾਂ ਨੂੰ ਸਤਾਉਂਦਾ ਸਾਂ[13] (22:4, 19; 26:10, 11)।

ਅਧਿਆਇ 8 ਦੀ ਆਇਤ 4 ਸਾਨੂੰ ਉਨ੍ਹਾਂ ਵੱਲ ਵਾਪਸ ਲੈ ਆਉਂਦੀ ਹੈ ਜੋ ਖਿੰਡ ਗਏ ਸਨ। ਆਪਣੇ ਮਨ ਵਿਚ ਉਨ੍ਹਾਂ ਦੀ ਕਲਪਨਾ ਕਰੋ। ਉਹਨਾ ਦੇ ਕੋਲ ਜੋ ਕੁਝ ਵੀ ਸੀ ਭਾਵ ਘਰ, ਭੇਡਾਂ ਦੇ ਇੱਜੜ ਅਤੇ ਗੱਲੇ, ਜਾਇਦਾਦਾਂ, ਜੋ ਕੁਝ ਵੀ ਉਹ ਆਪਣੀ ਪਿੱਠ ਤੇ ਚੁੱਕ ਸਕਦੇ ਸਨ, ਛੱਡ ਕੇ ਉਨ੍ਹਾਂ ਦਾ ਸਭ ਕੁਝ ਖੁੱਸ ਗਿਆ ਸੀ। ਉਨ੍ਹਾਂ ਨੂੰ ਫ਼ਲਸਤੀਨ ਦੇ ਧੂੜ ਭਰੇ ਪਹਿਆਂ ਵਿਚ ਘਸੀਟਦਿਆਂ ਚੱਲਦੇ ਵੇਖਣ ਦੀ ਕਲਪਨਾ ਕਰੋ। ਰਾਹਾਂ ਵਿਚ ਲੋਕਾਂ ਦੇ ਸਾਹਮਣਿਓ ਲੰਘਦੇ ਹੋਏ ਉਹ ਖਿੱਚ ਦਾ ਕੇਂਦਰ ਬਣੇ ਹੋਣਗੇ। ਲੋਕ ਕਹਿੰਦੇ ਹੋਣਗੇ, ''ਕੀ ਹੋਇਆ?'' ਤੁਹਾਨੂੰ ਕੀ ਲਗਦਾ ਹੈ ਕਿ ਇਨ੍ਹਾਂ ਮਸੀਹੀ ਲੋਕਾਂ ਨੇ ਕੀ ਜਵਾਬ ਦਿੱਤਾ ਹੋਵੇਗਾ? ''ਸਾਡਾ ਸਭ ਕੁਝ ਖੋਹਿਆ ਗਿਆ''? ''ਸਾਨੂੰ ਪਤਾ ਲੱਗ ਗਿਆ ਹੈ ਕਿ ਯਿਸੂ ਦੇ ਮਗਰ ਚੱਲਣਾ ਕਿੰਨਾ ਔਖਾ ਹੈ''? ''ਪਤਾ ਨਹੀਂ ਮੈਂ ਅੱਗੇ ਚੱਲ ਪਾਵਾਂਗਾ ਜਾਂ ਨਹੀਂ''? ਆਇਤ 4 ਤੇ ਧਿਆਨ ਦਿਓ, ''ਸੋ ਜਿਹੜੇ ਖਿੰਡ ਗਏ ਸਨ ਵਚਨ ਦੀ ਖੁਸ਼ਖ਼ਬਰੀ ਸੁਣਾਉਂਦੇ ਫਿਰੇ''! ਅਨੁਵਾਦ ਹੋਏ ਸ਼ਬਦ ''ਖੁਸ਼ਖ਼ਬਰੀ ਸੁਣਾਉਦੇ'' ''ਪ੍ਰਚਾਰ'' ਦਾ ਕੋਈ ਆਮ ਸ਼ਬਦ ਨਹੀਂ ਸਗੋਂ ਇੰਜੀਲ ਭਾਵ ਖੁਸ਼ਖ਼ਬਰੀ ਦਾ ਪ੍ਰਚਾਰ ਕਰਨਾ ਹੈ! ਸਤਾਏ ਹੋਏ ਇਹ ਮਸੀਹੀ ਇਹ ਕਹਿੰਦੇ ਨਹੀਂ ਘੁੰਮ ਰਹੇ ਸਨ ਕਿ ''ਵੇਖੋ ਦੁਨੀਆਂ ਕਿੱਧਰ ਆ ਰਹੀ ਹੈ!'' ਸਗੋਂ ਉਹ ਇਹ ਕਹਿ ਰਹੇ ਸਨ, ''ਵੇਖੋ ਦੁਨੀਆਂ ਦੇ ਕੋਲ ਕੌਣ ਆਇਆ ਹੈ!''

ਇਨ੍ਹਾਂ ਮਸੀਹੀ ਲੋਕਾਂ ਨੇ ਇਸਤੀਫ਼ਾਨ ਦੀ ਮਿਸਾਲ ਤੋਂ ਸਿੱਖ ਲਿਆ ਸੀ ਕਿ ਉਨ੍ਹਾਂ ਦੇ ਵੈਰੀ ਉਨ੍ਹਾਂ ਦੇ ਮਾਸ ਦੀ ਚਟਨੀ ਬਣਾ ਸਕਦੇ ਹਨ ਪਰ ਉਨ੍ਹਾਂ ਦੀਆਂ ਰੂਹਾਂ ਦੀ ਨਹੀਂ; ਉਹ ਉਨ੍ਹਾਂ ਦੀ ਜਾਨ ਲੈ ਸਕਦੇ ਸਨ ਪਰ ਉਨ੍ਹਾਂ ਦੇ ਅਸਰ ਨੂੰ ਖ਼ਤਮ ਨਹੀਂ ਕਰ ਸਕਦੇ; ਉਹ ਉਨ੍ਹਾਂ ਦੇ ਮਕਾਨਾਂ ਤੇ ਕਬਜ਼ਾ ਕਰ ਸਕਦੇ ਸਨ ਪਰ ਉਨ੍ਹਾਂ ਦੇ ਘਰਾਂ ਤੇ ਨਹੀਂ (ਯੂਹੰਨਾ 14:1-3); ਉਹ ਉਨ੍ਹਾਂ ਦੀਆਂ ਜਾਇਦਾਦਾਂ ਲੁੱਟ ਸਕਦੇ ਸਨ ਪਰ ਉਨ੍ਹਾਂ ਦਾ ਖ਼ਜ਼ਾਨਾ ਨਹੀਂ (ਮੱਤੀ 6:20)।[14]

## ਲਾਟਾਂ ਉੱਤਰ ਵੱਲ ਫੈਲਦੀਆਂ ਹਨ (8:5-25)

1 ਅਤੇ 4 ਆਇਤਾਂ ਦੇ ਵਿਸ਼ੇ ਨੂੰ ਅਧਿਆਇ 11 ਵਿਚ ਵਿਸਤਾਰ ਮਿਲਦਾ ਹੈ: ''ਉਪਰੰਤ ਉਹ ਲੋਕ ਜਿਹੜੇ ਉਸ ਬਿਪਤਾ ਤੋਂ ਜੋ ਇਸਤੀਫ਼ਾਨ ਦੇ ਕਾਰਣ ਹੋਈ ਸੀ ਛਿੰਨ ਭਿੰਨ ਹੋ ਗਏ ਸਨ ਉਹ ਫੈਨੀਕੇ ਅਤੇ ਕੁਪਰੁਸ ਅਤੇ ਅੰਤਾਕੀਆ ਤੀਕਰ ਫਿਰਦਿਆਂ ਹੋਇਆਂ ਯਹੂਦੀਆਂ ਤੋਂ ਬਿਨਾਂ ਹੋਰ ਕਿਸੇ ਨੂੰ ਵਚਨ ਨਹੀਂ ਸੁਣਾਉਂਦੇ'' (11:19)। ਪਰ ਥੋੜ੍ਹੀ ਦੇਰ

ਲਈ, ਲੂਕਾ ਨੇ ਇਕ ਵਿਸ਼ੇਸ਼ ਮਸੀਹੀ ਤੇ ਧਿਆਨ ਬਣਾਈ ਰੱਖਿਆ ਜਿਸ ਨੇ ਯਰੂਸ਼ਲਮ ਤੋਂ ਥੋੜ੍ਹੀ ਦੂਰ ਖੁਸ਼ਖ਼ਬਰੀ ਦਾ ਪ੍ਰਚਾਰ ਕੀਤਾ ਸੀ: ''ਅਤੇ ਫ਼ਿਲਿੱਪੁਸ ਨੇ ਸਾਮਰੀਆ ਦੇ ਨਗਰ ਵਿਚ ਜਾ ਕੇ ਉਨ੍ਹਾਂ ਦੇ ਅੱਗੇ ਮਸੀਹ ਦਾ ਪ੍ਰਚਾਰ ਕੀਤਾ'' (8:5)।

5 ਤੋਂ 25 ਆਇਤਾਂ ਵਿਚ ਸਾਮਰੀਆਂ ਦੀ ਮਨਬਦਲੀ ਬਾਰੇ ਦੱਸਿਆ ਗਿਆ ਹੈ। ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਮਨਬਦਲੀ ਦਾ ਇਹ *ਦੂਜਾ* ਵਿਸਤਾਰ ਪੂਰਵਕ ਬਿਰਤਾਂਤ ਹੈ। ਅਧਿਆਇ 2 ਵਿਚ, ਅਸੀਂ ਪੈਂਟੀਕਾਸਟ ਵਾਲੇ ਦਿਨ ਯਹੂਦੀਆਂ ਦੀ ਮਨਬਦਲੀ ਦਾ ਵਿਸਤਾਰ ਵਿਚ ਬਿਰਤਾਂਤ ਵੇਖਿਆ ਸੀ। ਉਸ ਦੇ ਬਾਅਦ, ਯਹੂਦੀਆਂ ਦੇ ਇਲਾਵਾ ਹੋਰ ਕਿਸੇ ਦੀ ਮਨਬਦਲੀ ਨਹੀਂ ਹੋਈ ਸੀ। ਸੋ ਵਿਸਤਾਰ ਵਿਚ ਬਿਰਤਾਂਤਾਂ ਦੇ ਬਜਾਏ ਸਾਨੂੰ ਸੰਖੇਪ ਵਾਕ ਮਿਲੇ ਸਨ:

> ... ਅਤੇ ਪ੍ਰਭੂ ਦਿਨੋ ਦਿਨ ਉਨ੍ਹਾਂ ਨੂੰ ਜਿਹੜੇ ਬਚਾਏ ਜਾਂਦੇ ਸਨ ਉਨ੍ਹਾਂ ਵਿਚ ਰਲਾਉਂਦਾ ਸੀ (2:47)।
>
> ਅਤੇ ਹੋਰ ਨਿਹਚਾਵਾਨ ਭੀ ਨਾਲੇ ਮਨੁੱਖ ਨਾਲੇ ਤੀਵੀਆਂ ਟੋਲੀਆਂ ਦੀਆਂ ਟੋਲੀਆਂ ਪ੍ਰਭੂ ਨਾਲ ਮਿਲਦੀਆਂ ਜਾਂਦੀਆਂ ਸਨ (5:14)।
>
> ... ਅਰ ਯਰੂਸ਼ਲਮ ਵਿਚ ਚੇਲਿਆਂ ਦੀ ਗਿਣਤੀ ਬਹੁਤ ਵਧਦੀ ਜਾਂਦੀ ਸੀ ਅਤੇ ਬਹੁਤ ਸਾਰੇ ਯਾਜਕ ਉਸ ਮੱਤ ਦੇ ਮੰਨਣ ਵਾਲੇ ਹੋ ਗਏ (6:7)।

ਪਰ, ਹੁਣ ਅਸੀਂ ਕੁਝ ਯਹੂਦੀ, ਕੁਝ ਗੈਰਕੌਮਾਂ, ਯਾਨੀ ਸਾਮਰੀਆਂ ਵਿਚ ਇੰਜੀਲ ਦੇ ਪਹੁੰਚਣ ਤੇ ਇਕ ਬਹੁਤ ਵੱਡਾ ਕਦਮ ਚੁੱਕਦੇ ਹਾਂ। ਇੱਥੇ ਸਾਨੂੰ ਸਾਮਰੀਆਂ ਦੀ ਮਨਬਦਲੀ ਅਰਥਾਤ ਯਹੂਦੀਆਂ ਅਤੇ ਸਾਮਰੀਆਂ ਨੂੰ ਜੋੜਨ ਵਾਲੀ ''ਪੁਲੀ'' ਮਿਲਦੀ ਹੈ। ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਜਿੱਥੇ ਵੀ ਮਨਬਦਲੀ ਦਾ ਵਿਸਤਾਰ ਵਿਚ ਬਿਰਤਾਂਤ ਹੈ ਉਹਦੇ ਲਈ, ਇਹ ਇਕ ''ਬ੍ਰਿਜ'' ਕਨਵਰਸ਼ਨ ਹੈ ਯਾਨੀ ਅਜਿਹੀ ਮਨਬਦਲੀ ਜੋ ਖੁਸ਼ਖ਼ਬਰੀ ਨੂੰ ਫੈਲਾਉਣ ਦੀਆਂ ਨਵੀਆਂ ਸੰਭਾਵਨਾਵਾਂ ਵਿਖਾਉਂਦੀ ਹੈ।

ਇਸ ਕਦਮ ਦੇ ਮਹੱਤਵ ਨੂੰ ਜਾਣਨ ਲਈ, ਸਾਨੂੰ ਸਾਮਰੀਆਂ ਅਤੇ ਯਹੂਦੀਆਂ ਵਿਚਕਾਰ ਉਨ੍ਹਾਂ ਦੇ ਸਬੰਧ ਬਾਰੇ ਥੋੜ੍ਹੀ ਬਹੁਤ ਸਮਝ ਹੋਣੀ ਜ਼ਰੂਰੀ ਹੈ।[15] ਯਿਸੂ ਅਤੇ ਰਸੂਲਾਂ ਦੇ ਸਮੇਂ ਵਿਚ, ਸਾਮਰੀ ਲੋਕ ਫ਼ਲਸਤੀਨ ਦੇ ਮੁੱਖ ਭਾਗ, ਸਾਮਰੀਆ ਵਿਚ ਰਹਿੰਦੇ ਸਨ, ਜੋ ਗਲੀਲ ਅਤੇ ਯਹੂਦੀਆ ਦੇ ਵਿਚਕਾਰ ਸੀ।[16] ਸਾਮਰੀ ਕੌਮ ਯਹੂਦੀਆਂ ਦੀ ਗੁਲਾਮੀ ਦਾ ਮਿੱਟਾ ਸੀ। ਹਜ਼ਾਰਾਂ ਯਹੂਦੀ ਗੁਲਾਮ ਬਣਾ ਕੇ ਲਿਜਾਏ ਗਏ ਸਨ, ਪਰ ਕੁਝ ਫ਼ਲਸਤੀਨ ਵਿਚ ਹੀ ਰਹੇ। ਦੂਜੇ ਦੇਸ਼ਾਂ ਦੇ ਉਪਨਿਵੇਸ਼ਕਾਰ ਫ਼ਲਸਤੀਨ ਵਿਚ ਭੇਜੇ ਗਏ ਸਨ। ਇਨ੍ਹਾਂ ਪਰਾਈਆਂ ਕੌਮਾਂ ਨੇ ਯਹੂਦੀਆਂ ਨਾਲ ਵਿਆਹ ਕਰ ਲਏ ਸਨ। ਉਨ੍ਹਾਂ ਵਿੱਚੋਂ ਜਿਹੜੀ ਪੈਦਾ ਹੋਈ ਉਹ ਸਾਮਰੀ ਅਖਵਾਏ। ਇਹ ਲੋਕ ਜੋ ਕੁਝ ਕੁ ਯਹੂਦੀ, ਕੁਝ ਕੁ ਪਰਾਈਆਂ ਕੌਮਾਂ ਸਨ, ਕੁਝ ਕੁ ਖ਼ੁਦਾ ਦੀ ਬੰਦਗੀ ਕਰਦੇ ਸਨ ਅਤੇ ਕੁਝ ਕੁ ਬੁੱਤਾਂ ਦੀ ਪੂਜਾ ਕਰਨ ਵਾਲੇ ਸਨ।[17] ਗੁਲਾਮੀ ਵਿਚ ਜਾਣ ਵਾਲੇ ਯਹੂਦੀ ਫ਼ਲਸਤੀਨ ਵਿਚ ਵਾਪਸ ਆਉਣ ਤੇ ਇਸ ਗੱਲ ਤੇ ਫ਼ਖ਼ਰ ਕਰਦੇ ਸਨ ਕਿ ਉਨ੍ਹਾਂ ਨੇ ਆਪਣੀ ਜਿਣਸੀ ਅਤੇ ਧਾਰਮਿਕ ਸ਼ੁੱਧਤਾ ਨੂੰ ਬਰਕਰਾਰ ਰੱਖਿਆ ਹੈ, ਅਤੇ ਉਹ ਸਾਮਰੀਆਂ ਨੂੰ ਨਫ਼ਰਤ ਭਰੀ ਨਜ਼ਰ ਨਾਲ ਵੇਖਦੇ ਸਨ। ਉਨ੍ਹਾਂ ਨੇ ਮੁੜ ਵਸੇਬੇ ਵਿਚ ਸਾਮਰੀਆਂ ਦੀ ਮਦਦ ਲੈਣ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਣ ਮਤਭੇਦ ਹੋਰ ਗਹਿਰੇ ਹੋ ਗਏ ਜੋ ਯਿਸੂ ਅਤੇ ਰਸੂਲਾਂ ਦੇ

ਸਮੇਂ ਤਕ ਵੀ ਸਨ। ਯਹੂਦੀ ਅਤੇ ਸਾਮਰੀ ਇਕ ਦੂਜੇ ਤੋਂ *ਘਿਣ ਕਰਦੇ* ਸਨ। ਯਿਸੂ ਅਤੇ ਸਾਮਰੀ ਔਰਤ ਦੀ ਕਹਾਣੀ ਵਿਚ ਇਹ ਟਿੱਪਣੀ ਜੋੜੀ ਗਈ ਹੈ ਕਿ ''ਯਹੂਦੀ ਸਾਮਰੀਆਂ ਨਾਲ ਨਹੀਂ ਵਰਤਦੇ'' (ਯੂਹੰਨਾ 4:9) ਅਤੇ ਸਾਮਰੀ ਵੀ ਨਹੀਂ। *ਮੁੱਖ* ਮਾਨਸਿਕ ਅਤੇ ਭਾਵਨਾਤਮਕ ਰੁਕਾਵਟਾਂ ਤੇ ਕਾਬੂ ਸਾਮਰੀਆਂ ਵਿਚ ਖੁਸ਼ਖ਼ਬਰੀ ਦੇ ਕੇ ਹੀ ਪਾਇਆ ਜਾ ਸਕਦਾ ਸੀ।

ਜਿਸ ਆਦਮੀ ਨੂੰ ਖ਼ੁਦਾ ਨੇ ਸਾਮਰੀਆਂ ਵਿਚ ਖੁਸ਼ਖ਼ਬਰੀ ਸੁਣਾਉਣ ਲਈ ਵਰਤਿਆ ਉਹ ਫ਼ਿਲਿੱਪੁਸ ਸੀ। ਇਹ ਫ਼ਿਲਿੱਪੁਸ ਰਸੂਲ ਨਹੀਂ ਸੀ (1:13)। ਸਗੋਂ ਇਹ ਉਹ ਫ਼ਿਲਿੱਪੁਸ ਹੈ ਜਿਹਦੇ ਬਾਰੇ ਅਸੀਂ ਅਧਿਆਇ 6 ਵਿਚ ਪੜ੍ਹਿਆ। ਇਹ ਉਨ੍ਹਾਂ ਸੱਤ ਆਦਮੀਆਂ ਵਿੱਚੋਂ ਸੀ ਜਿਨ੍ਹਾਂ ਨੂੰ ਖੁਆਉਣ ਪਿਆਉਣ ਦੀ ਸੇਵਾ ਲਈ ਚੁਣਿਆ ਗਿਆ ਕਿਉਂਕਿ ਉਸ ਵਿਚ ਰਸੂਲਾਂ ਵੱਲੋਂ ਠਹਿਰਾਈਆਂ ਗਈਆਂ ਯੋਗਤਾਵਾਂ ਸਨ, ਇਸ ਲਈ ਸਾਨੂੰ ਪਤਾ ਹੈ ਕਿ ਉਹ ''ਨੇਕ ਨਾਮ'' ਅਤੇ ''ਆਤਮਾ ਅਤੇ ਬੁੱਧ ਨਾਲ ਭਰਪੂਰ''[18] ਸੀ (6:3)। ਉਹ ਯੂਨਾਨੀ ਭਾਸ਼ਾ ਬੋਲਣ ਵਾਲਾ ਯਹੂਦੀ ਵੀ ਸੀ, ਜਿਹਦੀ ਪੈਦਾਇਸ਼ ਅਤੇ ਪਰਵਰਿਸ਼ ਫ਼ਲਸਤੀਨ ਦੇ ਬਾਹਰ ਹੋਈ ਸੀ, ਅਤੇ ਇਸ ਕਰਕੇ ਉਹਦੇ ਮਨ ਵਿਚ ਕਿਸੇ ਫ਼ਲਸਤੀਨੀ ਯਹੂਦੀ ਵਾਂਗ ਸਾਮਰੀਆਂ ਦੇ ਖਿਲਾਫ਼ ਕੋਈ ਰੰਜਿਸ਼ ਨਹੀਂ ਸੀ।

''ਅਤੇ ਫ਼ਿਲਿੱਪੁਸ ਨੇ ਸਾਮਰੀਆ ਦੇ ਨਗਰ ਵਿਚ ਹੇਠਾਂ[19] ਜਾ ਕੇ ਉਨ੍ਹਾਂ ਦੇ ਅੱਗੇ ਮਸੀਹ ਦਾ ਪ੍ਰਚਾਰ ਕੀਤਾ'' (8:5)। ਸਾਨੂੰ ਨਹੀਂ ਪਤਾ ਕਿ ਫ਼ਿਲਿੱਪੁਸ ਕਿਸ ਨਗਰ ਵਿਚ ਗਿਆ। ਬਹੁਤ ਸਾਰੇ ਵਿਦਵਾਨਾਂ ਦਾ ਮੰਨਣਾ ਹੈ ਕਿ ''ਸਾਮਰੀਆ ਦੇ ਨਗਰ'' ਦਾ ਮਤਲਬ ਜਾਂ ਤਾਂ ''ਸਾਮਰੀਆ ਨਾਂ ਦਾ ਕੋਈ ਨਗਰ'' ਹੈ ਜਾਂ ''ਸਾਮਰੀਆ ਦਾ ਕੋਈ ਪ੍ਰਮੁੱਖ ਨਗਰ,'' ਜਿਸ ਨੇ ਇਸ ਪਰਾਚੀਨ ਰਾਜਧਾਨੀ ਨੂੰ ਜਿਹਦਾ ਪਹਿਲਾ ਨਾਮ ਸਾਮਰੀਆ ਸੀ, ਸਿਬਸਤੇ[20] ਨਗਰ ਬਣਾ ਦਿੱਤਾ ਸੀ। ਹੋਰ ਇਹਦੇ ਵਰਗੇ ਹੀ ਵਿਚਾਰ ਮੰਨਦੇ ਹਨ ਕਿ ਫ਼ਿਲਿੱਪੁਸ ਕਿਸੇ ਹੋਰ ਨਗਰ[21] ਸ਼ਾਇਦ ਸੁਖਾਰ ਵਿੱਚ ਗਿਆ, ਜਿੱਥੇ ਯਿਸੂ ਖੂਹ ਤੇ ਸਾਮਰੀ ਔਰਤ ਨੂੰ ਮਿਲਿਆ ਸੀ (ਯੂਹੰਨਾ 4:4)। ਯਿਸੂ ਸੁਖਾਰ ਵਿਚ ਆਪਣੇ ਸਵਾਗਤ ਨਾਲ ਇਹ ਕਹਿਣ ਲਈ ਪ੍ਰੇਰਿਤ ਹੋਇਆ ਸੀ ਕਿ ਸਾਮਰੀ ਲੋਕ ਇਕ ਅਜਿਹਾ ਖੇਤ ਸੀ ਜੋ ਵਾਢੀ ਲਈ ਤਿਆਰ ਹੋ ਚੁੱਕਾ ਸੀ (ਯੂਹੰਨਾ 4:35)। ਖ਼ੁਦਾ ਦੇ ਇੰਤਜ਼ਾਮ ਦੇ ਮੁਤਾਬਕ, ਫ਼ਿਲਿੱਪੁਸ ਉਸੇ ਫ਼ਸਲ ਦੀ ਵਾਢੀ ਕਰਨ ਆਇਆ ਹੋਵੇਗਾ।

ਰਸੂਲਾਂ ਨੇ ਇਸਤੀਫ਼ਾਨ ਵਾਂਗ ਫ਼ਿਲਿੱਪੁਸ ਤੇ ਵੀ ਹੱਥ ਰੱਖੇ ਸਨ,[22] ਇਸ ਲਈ ਉਹ ਮੋਅਜਜ਼ੇ ਕਰ ਸਕਦਾ ਸੀ (6:8)। ਇਨ੍ਹਾਂ ਮੋਅਜਜ਼ਿਆਂ ਨਾਲ ਉਹਨੂੰ ਤਿਆਰ ਸਰੋਤੇ ਮਿਲ ਗਏ ਜਿਨ੍ਹਾਂ ਨੇ ਉਸ ਨੂੰ ਮਾਨਤਾ ਵੀ ਦਿੱਤੀ।[23] ਅਸੀਂ ਪੜ੍ਹਦੇ ਹਾਂ:

> ਅਤੇ ਜਾਂ ਲੋਕਾਂ ਨੇ ਉਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ ਅਤੇ ਵੇਖੇ ਤਾਂ ਇਕ ਮਨ ਹੋ ਕੇ ਫ਼ਿਲਿੱਪੁਸ ਦੀਆਂ ਗੱਲਾਂ ਉੱਤੇ ਚਿੱਤ ਲਾਇਆ। ਕਿਉਂਕਿ ਭ੍ਰਿਸ਼ਟ ਆਤਮੇ ਬਹੁਤਿਆਂ ਵਿੱਚੋਂ ਜਿਹਨਾ ਨੂੰ ਚਿੰਬੜੇ ਹੋਏ ਸਨ ਉੱਚੀ ਅਵਾਜ਼ ਨਾਲ ਚੀਕਾਂ ਮਾਰਦੇ ਨਿੱਕਲ ਗਏ[24] ਅਤੇ ਅਧਰੰਗੀ ਅਤੇ ਲੰਙੇ ਬਥੇਰੇ ਚੰਗੇ ਕੀਤੇ ਗਏ।[25] ਅਰ ਉਸ ਨਗਰ ਵਿਚ ਵੱਡੀ ਧੰਨ ਧੰਨ ਹੋਈ (ਆਇਤਾਂ 6-8)।

ਪਰ, ਸ਼ਹਿਰ ਵਿਚ ਹਰ ਕੋਈ ਖੁਸ਼ ਨਹੀਂ ਸੀ। ਫ਼ਿਲਿੱਪੁਸ ਦੇ ਆਉਣ ਤੋਂ ਪਹਿਲਾਂ ਉੱਥੇ ਇਕ ਹੋਰ ਆਦਮੀ ਖਿੱਚ ਦਾ ਕੇਂਦਰ ਸੀ:

> ਪਰ ਸ਼ਮਊਨ ਨਾਮੇ ਇਕ ਮਨੁੱਖ ਸੀ ਜਿਹੜਾ ਅੱਗੇ ਉਸ ਨਗਰ ਵਿਚ ਜਾਦੂ ਕਰ ਕੇ[26]

> ਸਾਮਰੀਆ ਦੇ ਲੋਕਾਂ ਨੂੰ ਹੈਰਾਨ ਕਰਦਾ ਅਤੇ ਆਖਦਾ ਸੀ ਭਈ ਮੈਂ ਕੋਈ ਮਹਾਂ ਪੁਰਖ ਹਾਂ। ਅਰ ਛੋਟੇ ਤੋਂ ਲੈਕੇ ਵੱਡੇ ਤਾਈਂ ਸਭ ਉਹ ਦੀ ਵੱਲ ਚਿੱਤ ਲਾ ਕੇ ਆਖਦੇ ਸਨ ਭਈ ਇਹ ਮਨੁੱਖ ਪ੍ਰਮੇਸ਼ਵਰ ਦੀ ਉਹ ਸ਼ਕਤੀ ਹੈ ਜਿਹੜੀ ਵੱਡੀ ਕਹਾਉਂਦੀ ਹੈ! ਅਤੇ ਉਨ੍ਹਾਂ ਉਹ ਦੀ ਵੱਲ ਇਸ ਕਰਕੇ ਚਿੱਤ ਲਾਇਆ ਕਿ ਉਹ ਨੇ ਬਹੁਤ ਚਿਰ ਤੋਂ ਜਾਦੂ ਕਰ ਕੇ ਉਨ੍ਹਾਂ ਨੂੰ ਹੈਰਾਨ ਕਰ ਰੱਖਿਆ ਸੀ (ਆਇਤਾਂ 9-11)।

ਸ਼ਮਊਨ ਬਾਰੇ ਪੜ੍ਹ ਕੇ, ਜੋ ਕਿਸੇ ਨਾ ਕਿਸੇ ਤਰ੍ਹਾਂ ਸਾਮਰੀਆਂ ਨੂੰ ਧੋਖਾ ਦੇ ਰਿਹਾ ਸੀ, ਸਾਨੂੰ ਹੈਰਾਨਗੀ ਹੁੰਦੀ ਹੈ ਕਿ ਇਹ ਕਿਵੇਂ ਹੋ ਸਕਦਾ ਹੈ। ਸਾਮਰੀ ਓਸੇ ਖ਼ੁਦਾ ਦੀ ਬੰਦਗੀ ਕਰਦੇ ਸਨ। ਸਾਮਰੀਆਂ ਦੀ ਬਾਈਬਲ ਪੁਰਾਣੇ ਨੇਮ ਦੀਆਂ ਪਹਿਲੀਆਂ ਪੰਜ ਕਿਤਾਬਾਂ ਸਨ ਅਤੇ ਉਹ ਕਿਤਾਬਾਂ ਖੁੱਲ੍ਹ ਕੇ ਜਾਦੂਗਰੀ ਦੇ ਖ਼ਿਲਾਫ਼ ਗੱਲ ਕਰਦੀਆਂ ਸਨ (ਵੇਖੋ ਕੂਚ 22:18; ਵਿਵਸਥਾਸਾਰ 18:10-12)। ਸਾਨੂੰ ਹੈਰਾਨਗੀ ਹੁੰਦੀ ਹੈ ਕਿ ਸਾਮਰੀਆ ਦੇ ਲੋਕ ਸ਼ਮਊਨ ਤੇ ਵਿਸ਼ਵਾਸ ਕਰਨ ਦੇ ਨਾਲ ਨਾਲ ਖ਼ੁਦਾ ਤੇ ਕਿਵੇਂ ਵਿਸ਼ਵਾਸ ਕਰ ਸਕਦੇ ਸਨ। ਫਿਰ ਅਸੀਂ ਆਪਣੇ ਆਲੇ ਦੁਆਲੇ ਦੇ ਸੰਸਾਰ ਵਿਚ ਨਜ਼ਰ ਚੁੱਕ ਕੇ ਵੇਖਦੇ ਹਾਂ, ਤਾਂ ਇਹ ਸਮਝਣਾ ਮੁਸ਼ਕਲ ਨਹੀਂ ਲਗਦਾ। ਅਮਰੀਕਾ ਵਿਚ, 90 ਪ੍ਰਤੀਸ਼ਤ ਤੋਂ ਵੱਧ ਲੋਕ ਖ਼ੁਦਾ ਵਿਚ ਵਿਸ਼ਵਾਸ ਕਰਨ ਦਾ ਦਾਅਵਾ ਕਰਦੇ ਹਨ। ਇਹਦੇ ਬਾਵਜੂਦ ਅੰਧਵਿਸ਼ਵਾਸ ਦੀ ਵੀ ਕਮੀ ਨਹੀਂ ਹੈ। ਲਗਭਗ ਹਰ ਅਖ਼ਬਾਰ ਅਤੇ ਮੈਗਜ਼ੀਨ ਵਿਚ ਜੋਤਿਸ਼ ਦਾ ਖਾਨਾ ਹੁੰਦਾ ਹੈ। ''ਆਤਮਿਕ'' ਸਲਾਹਕਰ ਹਰ ਸਾਲ ਅਰਬਾਂ ਡਾਲਰ ਕੁੱਟ ਰਹੇ ਹਨ। ਦੇਸ਼ ਵਿਚ ''ਨਵੇਂ ਯੁੱਗ'' ਦਾ ਪ੍ਰਚਾਰ ਫੈਲ ਰਿਹਾ ਹੈ। ਪੀ.ਟੀ. ਬਰਨਮ[27] ਨੇ ਇਕ ਵਾਰ ਕਿਹਾ ਸੀ, ''ਹਰ ਮਿਨਟ ਵਿਚ ਇਕ ਦੁੱਧ ਪੀਣ ਵਾਲਾ ਬੱਚਾ ਜਨਮ ਲੈਂਦਾ ਹੈ!'' ਸੰਸਾਰ ਵਿਚ ਸ਼ਮਊਨ ਤਾਂ ਹਮੇਸ਼ਾ ਰਹਿਣਗੇ ਅਤੇ ਉਨ੍ਹਾਂ ਵਿਚ ਵਿਸ਼ਵਾਸ ਕਰਨ ਲਈ ਤਿਆਰ ਭੋਲੇ ਭਾਲੇ ਲੋਕ ਵੀ ਰਹਿਣਗੇ!

ਜਦ ਫ਼ਿਲਿੱਪੁਸ *ਅਸਲੀ* ਮੋਅਜਜ਼ੇ ਕਰਦੇ ਹੋਏ ਆਇਆ ਤਾਂ ਸ਼ਮਊਨ ਦੇ ਨਕਲੀ ਮੋਅਜਜ਼ੇ ਬੇਕਾਰ ਲੱਗਣ ਲੱਗੇ।[28] ''ਪਰ ਜਾਂ ਉਨ੍ਹਾਂ ਨੇ ਫ਼ਿਲਿੱਪੁਸ ਦੀ ਪ੍ਰਤੀਤ ਕੀਤੀ ਜੋ ਪ੍ਰਮੇਸ਼ਵਰ ਦੇ ਰਾਜ ਅਤੇ ਯਿਸੂ ਮਸੀਹ ਦੇ ਨਾਮ ਦੀ ਖੁਸ਼ਖ਼ਬਰੀ ਸੁਣਾਉਂਦਾ ਸੀ ਤਾਂ ਮਨੁੱਖ ਨਾਲੇ ਤੀਵੀਆਂ ਬਪਤਿਸਮਾ ਲੈਣ ਲੱਗੇ'' (ਆਇਤ 12)। ਯਹੂਦੀਆਂ ਵਾਂਗ ਹੀ (2:38) ਸਾਮਰੀਆਂ ਲਈ ਵੀ ਵਿਸ਼ਵਾਸ ਕਰਕੇ ਬਪਤਿਸਮਾ ਲੈਣਾ ਜ਼ਰੂਰੀ ਸੀ।

ਫ਼ਿਲਿੱਪੁਸ ਦੇ ਵਚਨ ਦੀ ਸ਼ਕਤੀ ਸ਼ਮਊਨ ਤੇ ਪਏ ਇਹਦੇ ਅਸਰ ਤੋਂ ਸਾਫ਼ ਦਿਸਦੀ ਹੈ: ''ਨਾਲੇ ਸ਼ਮਊਨ ਨੇ ਆਪ ਵੀ ਪ੍ਰਤੀਤ ਕੀਤੀ ਅਤੇ ਬਪਤਿਸਮਾ ਲੈ ਕੇ ਫ਼ਿਲਿੱਪੁਸ ਦੇ ਨਾਲ ਹੀ ਰਿਹਾ ਅਤੇ ਨਿਸ਼ਾਨੀਆਂ ਅਤੇ ਵੱਡੀਆਂ ਕਰਾਮਾਤਾਂ ਜੋ ਪ੍ਰਗਟ ਹੋਈਆਂ ਸਨ ਵੇਖ ਕੇ ਦੰਗ ਹੋਇਆ'' (ਆਇਤ 13)।[29] ਕੁਝ ਲੋਕ ਤਾਂ ਇਹ ਸ਼ਕ ਜ਼ਾਹਰ ਕਰਦੇ ਹੋਏ ਕਿ ਉਹ ਪਹਿਲਾਂ ਹੀ ਬਚਾਇਆ ਗਿਆ ਸੀ, ਸ਼ਮਊਨ ਦੀ ਮਨਬਦਲੀ ਨੂੰ ਚੁਣੌਤੀ ਦਿੰਦੇ ਹਨ। ਪਰ ਲੂਕਾ ਕਹਿੰਦਾ ਹੈ ਕਿ ਸ਼ਮਊਨ ਨੇ ਇੱਕੋ ਮਕਸਦ ਲਈ ਉਹੀ ਕੀਤਾ ਜੋ ਦੂਜੇ ਸਾਮਰੀਆਂ ਨੇ ਕੀਤਾ ਸੀ।

ਮੁਕਤੀ ਸਾਮਰੀਆਂ ਲਈ ਆਈ ਸੀ, ਜਿਨ੍ਹਾਂ ਵਿਚ ਸ਼ਮਊਨ ਵੀ ਸੀ! ਪਰ ਇਹ ਜ਼ਰੂਰੀ ਸੀ ਕਿ ਯਹੂਦੀ ਅਤੇ ਸਾਮਰੀ ਸਮਝ ਲੈਂਦੇ ਕਿ ਫ਼ਿਲਿੱਪੁਸ ਦਾ ਕੰਮ ਖ਼ੁਦਾ ਦੀ ਮੰਜ਼ੂਰੀ ਨਾਲ ਸੀ ਅਤੇ ਇਹ ਕਿ ਸਾਮਰੀ ਮਸੀਹੀ ਯਹੂਦੀ ਮਸੀਹੀਆਂ ਦੇ ਬਰਾਬਰ ਹੀ ਸਨ। ਅਤੇ ਇਸ ਕਰਕੇ ਅਸੀਂ ਪੜ੍ਹਦੇ ਹਾਂ, ''ਜਾਂ ਰਸੂਲਾਂ ਨੇ ਜਿਹੜੇ ਯਰੂਸ਼ਲਮ ਵਿਚ ਸਨ ਇਹ ਸੁਣਿਆ ਭਈ ਸਾਮਰੀਆ ਨੇ ਪ੍ਰਮੇਸ਼ਵਰ ਦਾ ਵਚਨ ਮੰਨ ਲਿਆ ਹੈ ਤਾਂ ਪਤਰਸ ਅਤੇ ਯੂਹੰਨਾ ਨੂੰ ਉਨ੍ਹਾਂ ਦੇ ਕੋਲ ਘੱਲਿਆ''

(ਆਇਤ 14)। ਰਸੂਲ ਯਰੂਸ਼ਲਮ ਵਿਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਸਨ, ਪਰ ਉਨ੍ਹਾਂ ਨੇ ਉੱਤਰ ਦਿਸ਼ਾ ਵੱਲ ਹੋਣ ਵਾਲੀਆਂ ਗੱਲਾਂ ਦੇ ਮਹੱਤਵ ਨੂੰ ਮਹਿਸੂਸ ਕੀਤਾ। ਇਸ ਕਰਕੇ ਉਨ੍ਹਾਂ ਨੇ ਆਪਣੇ ਵਿੱਚੋਂ ਦੋ ਚੋਣਵੇਂ ਆਦਮੀ ਯਾਨੀ ਪਤਰਸ ਅਤੇ ਯੂਹੰਨਾ ਨੂੰ ਭੇਜ ਦਿੱਤਾ।[30]

ਰਸੂਲਾਂ ਨੇ ਇਨ੍ਹਾਂ ਨੁਮਾਇੰਦਿਆਂ ਨੂੰ ਹੀ ਕਿਉਂ ਭੇਜਿਆ? ਭਲਾ ਉਨ੍ਹਾਂ ਨੇ ਇਹ ਯਕੀਨੀ ਬਣਾਉਣ ਲਈ ਉਸ ਕੰਮ ਦੀ ਜਾਂਚ ਕਰਨੀ ਸੀ ਕਿ ਉਹ ਖ਼ੁਦਾ ਦੀ ਮੰਜ਼ੂਰੀ ਨਾਲ ਹੀ *ਸੀ*? ਜੇ ਇਹ ਗੱਲ ਹੈ, ਤਾਂ ਉਨ੍ਹਾਂ ਨੂੰ ਇਸ ਕੰਮ ਤੇ ਖ਼ੁਦਾ ਦੀ ''ਮੰਜ਼ੂਰੀ ਦੀ ਮੋਹਰ'' ਲਾਉਣ ਲਈ ਕਿਸਨੇ ਪ੍ਰੇਰਿਆ:

> ਤਾਂ ਪਤਰਸ ਅਤੇ ਯੂਹੰਨਾ ਨੂੰ ਉਨ੍ਹਾਂ ਦੇ ਕੋਲ ਘੱਲਿਆ। ਉਨ੍ਹਾਂ ਜਾ ਕੇ ਉਨ੍ਹਾਂ ਦੇ ਲਈ ਪ੍ਰਾਰਥਨਾ ਕੀਤੀ ਭਈ ਉਹ ਪਵਿੱਤਰ ਆਤਮਾ ਪਾਉਣ। ਕਿਉਂ ਜੋ ਉਹ ਅਜੇ ਤੀਕਰ ਉਨ੍ਹਾਂ ਵਿੱਚੋਂ ਕਿਸੇ ਤੇ ਨਾ ਉੱਤਰਿਆ ਸੀ ਪਰ ਉਨ੍ਹਾਂ ਨਿਰਾ ਪ੍ਰਭੂ ਯਿਸੂ ਦੇ ਨਾਮ ਉੱਤੇ ਬਪਤਿਸਮਾ ਲਿਆ ਸੀ। ਤਦ ਇਨ੍ਹਾਂ ਨੇ ਉਨ੍ਹਾਂ ਉੱਤੇ ਹੱਥ ਰੱਖੇ ਅਤੇ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲਿਆ (ਆਇਤਾਂ 14-17)।

ਪਹਿਲਾਂ ਤਾਂ ਆਇਤ 16 ਅਜੀਬ ਜਿਹੀ ਲਗਦੀ ਹੈ: ''ਕਿਉਂ ਜੋ ਉਹ [ਪਵਿੱਤਰ ਆਤਮਾ] ਅਜ ਤੀਕਰ ਉਨ੍ਹਾਂ ਵਿੱਚੋਂ ਕਿਸੇ ਤੇ ਨਾ ਉੱਤਰਿਆ ਸੀ ਪਰ ਉਨ੍ਹਾਂ ਨਿਰ੍ਹਾ ਪ੍ਰਭੂ ਯਿਸੂ ਦੇ ਨਾਮ ਉੱਤੇ ਬਪਤਿਸਮਾ ਲਿਆ ਸੀ।'' ''ਪ੍ਰਮੇਸ਼ਵਰ ਪੱਖਪਾਤ ਕਰਨ ਵਾਲਾ ਨਹੀਂ ਹੈ,'' ਇਸ ਲਈ ਜਦ ਸਾਮਰੀਆਂ ਦਾ ਯਿਸੂ ਦੇ ਨਾਮ ਵਿਚ ਬਪਤਿਸਮਾ ਹੋਇਆ, ਤਾਂ ਯਕੀਨਨ ਹੀ ਉਨ੍ਹਾਂ ਨੂੰ ਵੀ ਉਹੀ ਬਰਕਤ ਮਿਲੀ ਜਿਹੜੀ ਯਹੂਦੀਆਂ ਨੂੰ ਮਿਲੀ ਸੀ, ਜਿਸ ਵਿਚ ਦਾਨ ਦੇ ਤੌਰ ਤੇ ਪਵਿੱਤਰ ਆਤਮਾ ਦਾ ਮਿਲਣਾ ਵੀ ਸ਼ਾਮਲ ਸੀ (2:38; 5:32)।[31] ਫਿਰ ਲੂਕਾ ਨੇ ਕਿਉਂ ਕਿਹਾ ਕਿ ''ਅਜੇ ਪਵਿੱਤਰ ਆਤਮਾ ਉਨ੍ਹਾਂ ਵਿੱਚੋਂ ਕਿਸੇ ਤੇ ਨਾ ਉੱਤਰਿਆ ਸੀ''? ਆਤਮਾ ਦਾ ਕੁਝ ਖ਼ਾਸ ਲੋਕਾਂ ਤੇ ''ਉੱਤਰਣ'' ਦਾ ਸ਼ਬਦ ਚੁਣਨਾ ਆਤਮਾ ਦੇ ਪਾਉਣ (ਬਾਈਬਲ ਮੁਤਾਬਕ ਬਪਤਿਸਮਾ ਦਿੱਤੇ ਜਾਣ ਸਮੇਂ) ਨਾਲ ਸਬੰਧਿਤ ਕੋਈ ਸਧਾਰਣ ਵਰਤੋਂ ਨਹੀਂ ਹੈ; ਦੂਜੇ ਪਾਸੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਬਪਤਿਸਮਾ ਲੈਣ ਵਾਲਿਆਂ ਤੇ ਆਤਮਾ ਦੇ ਆਉਣ ਅਤੇ ਉਨ੍ਹਾਂ ਨੂੰ ਮੋਅਜਜ਼ੇ ਕਰਨ ਦੇ ਯੋਗ ਬਣਾਉਣ ਲਈ ਕੀਤੀ ਗਈ ਹੈ (ਤੁਲਨਾ 10:44; 11:15)। ਲੂਕਾ ਕਹਿ ਰਿਹਾ ਸੀ ਕਿ ਪਤਰਸ ਅਤੇ ਯੂਹੰਨਾ ਦੇ ਆਉਣ ਤੋਂ ਪਹਿਲਾਂ ਤਕ ਸਾਮਰੀਆਂ ਵਿੱਚੋਂ ਕਿਸੇ ਨੂੰ ਵੀ ਮੋਅਜਜ਼ੇ ਕਰਨ ਦੀ ਸ਼ਕਤੀ ਨਹੀਂ ਮਿਲੀ ਸੀ। ਇਸ ਤੇ ਆਇਤ 18 ਦੀ ਭਾਸ਼ਾ ਤੇ ਜ਼ੋਰ ਦਿੱਤਾ ਗਿਆ ਹੈ ਕਿ ਲੂਕਾ ਨੇ ਮੋਅਜਜ਼ੇ ਕਰਨ ਦੀਆਂ ਯੋਗਤਾਂਵਾਂ ਦਿੱਤੇ ਜਾਣ ਦੀ ਗੱਲ ਕੀਤੀ ਹੈ, ''ਜਾਂ ਸ਼ਮਊਨ ਨੇ ਵੇਖਿਆ ਕਿ ... ਪਵਿੱਤਰ ਆਤਮਾ ਦਿੱਤਾ ਜਾਂਦਾ ਹੈ ... ।'' ਪਵਿੱਤਰ ਆਤਮਾ ਦਾ ਦਿੱਤਾ ਜਾਣਾ ਵੇਖੇ ਜਾਣ ਵਾਲੇ ਖ਼ਾਸ ਨਿਸ਼ਾਨਾਂ ਨਾਲ ਨਹੀਂ ਸੀ; ਮੋਅਜਜ਼ੇ ਕਰਨ ਦੀਆਂ ਯੋਗਤਾਵਾਂ ਦੇ ਦਿੱਤੇ ਜਾਣ ਨਾਲ ਖ਼ਾਸ ਨਿਸ਼ਾਨ ਵੇਖੇ ਜਾ ਸਕਦੇ ਸਨ।

ਇਸ ਤੋਂ ਪਹਿਲਾਂ ਰਸੂਲਾਂ ਨੇ ਇਸਤੀਫ਼ਾਨ ਅਤੇ ਫ਼ਿਲਿੱਪੁਸ ਤੇ ਹੱਥ ਰੱਖ ਕੇ (6:6), ਉਨ੍ਹਾਂ ਨੂੰ ਅਚੰਭੇ ਕੰਮ ਕਰਨ ਦੀ ਯੋਗਤਾ ਦਿੱਤੀ ਸੀ (6:8; 8:6-8)। ਹੁਣ ਪਤਰਸ ਅਤੇ ਯੂਹੰਨਾ ਨੇ ਸਾਮਰੀਆਂ ਤੇ ਹੱਥ ਰੱਖੇ: ''ਪਤਰਸ ਅਤੇ ਯੂਹੰਨਾ ਨੇ ... ਜਾ ਕੇ ਉਨ੍ਹਾਂ ਲਈ ਪ੍ਰਾਰਥਨਾ ਕੀਤੀ ਭਈ ਉਹ ਪਵਿੱਤਰ ਆਤਮਾ ਪਾਉਣ ... ਤਦ ਇਨ੍ਹਾਂ ਨੇ ਉਨ੍ਹਾਂ ਉੱਤੇ ਹੱਥ ਰੱਖੇ ਅਤੇ ਉਨ੍ਹਾਂ ਨੂੰ ਪਵਿੱਤਰ ਆਤਮਾ ਮਿਲਿਆ'' (8:14, 15, 17)।

ਇਸ ਵਿਚ ਸ਼ਾਮਲ ਅਰਥ ਤੇ ਧਿਆਨ ਦਿਓ ਕਿ ਫ਼ਿਲਿੱਪੁਸ ਉਨ੍ਹਾਂ ਖ਼ਾਸ ਦਾਨਾਂ ਨੂੰ ਅੱਗੇ ਨਹੀਂ ਦੇ ਸਕਦਾ ਸੀ ਜਿਹੜੇ ਰਸੂਲਾਂ ਦੇ ਹੱਥ ਰੱਖਣ ਨਾਲ ਉਹਨੂੰ ਮਿਲੇ ਸਨ।[32] ਕਿਉਂਕਿ ਲੋਕਾਂ ਤੇ ਹੱਥ ਰੱਖਣ ਅਤੇ ਉਨ੍ਹਾਂ ਨੂੰ ਖਾਸ ਦਾਨ ਦੇਣ ਲਈ ਰਸੂਲਾਂ ਨੂੰ ਆਪ ਆਉਣਾ ਪਿਆ ਸੀ। ਆਇਤ 18 ਜ਼ੋਰ ਦਿੰਦੀ ਹੈ ਕਿ ''*ਰਸੂਲਾਂ* ਦੇ ਹੱਥ ਰੱਖਣ ਨਾਲ ਪਵਿੱਤਰ ਆਤਮਾ ਦਿੱਤਾ ਜਾਂਦਾ'' ਸੀ। ਜਦ *ਰਸੂਲ* ਮਰ ਗਏ ਅਤੇ ਉਹ ਵੀ ਮਰ ਗਏ ਜਿਹਨਾਂ ਤੇ ਉਹਨਾਂ ਨੇ ਹੱਥ ਰੱਖੇ ਸਨ ਤਾਂ ਮੋਅਜਜ਼ੇ ਕਰਨ ਦੀ ਯੋਗਤਾ ਜਾਂਦੀ ਰਹੀ।[33]

ਸ਼ਾਇਦ ਪਤਰਸ ਅਤੇ ਯੂਹੰਨਾ ਨੇ ਜਾ ਕੇ ਸਾਮਰੀਆਂ ਨੂੰ ਵਿਸ਼ੇਸ਼ ਚਮਤਕਾਰੀ ਦਾਨ ਦੇਣ ਲਈ ਜਾਣ ਦੇ ਘੱਟੋ ਘੱਟ ਦੋ ਮਕਸਦ ਰਹੇ ਹੋਣਗੇ। ਪਹਿਲਾਂ, ਉਨ੍ਹਾਂ ਦੇ ਕੰਮਾਂ ਤੋਂ ਇਹ ਪਤਾ ਲਗ ਗਿਆ ਕਿ ਖ਼ੁਦਾ ਅਤੇ ਰਸੂਲਾਂ ਨੇ ਵੀ ਸਾਮਰੀਆਂ ਨੂੰ ਕਲੀਸੀਆ ਦੇ ਭਾਗ ਦੇ ਰੂਪ ਵਿਚ ਕਬੂਲ ਕਰ ਲਿਆ ਹੈ।[34] ਦੂਜਾ, ਇਨ੍ਹਾਂ ਦਾਨਾਂ ਦੇ ਦਿੱਤੇ ਜਾਣ ਨਾਲ ਸਾਮਰੀਆ ਦੇ ਮਸੀਹੀ ਪਤਰਸ, ਯੂਹੰਨਾ ਅਤੇ ਫ਼ਿਲਿੱਪੁਸ ਦੇ ਜਾਣ ਦੇ ਬਾਅਦ ਆਪਣਾ ਕੰਮ ਕਰ ਸਕਦੇ ਸਨ। ਖ਼ੁਦਾ ਦੀ ਯੋਜਨਾ ਦੇ ਮੁਤਾਬਕ ਫਿਲਿੱਪੁਸ ਨੇ ਛੇਤੀ ਹੀ ਉਨ੍ਹਾਂ ਨੂੰ ਛੱਡ ਕੇ ਚਲੇ ਜਾਣਾ ਸੀ (8:26)।

ਆਇਤ 18 ਵਿਚ ਸ਼ਮਊਨ ਦੀ ਕਹਾਣੀ ਵੱਲ ਵਾਪਸ ਆਉਂਦੇ ਹਾਂ। ਪਤਰਸ ਅਤੇ ਯੂਹੰਨਾ ਨੂੰ ਮੋਅਜਜ਼ੇ ਕਰਨ ਦੇ ਦਾਨ ਦਿੰਦਿਆਂ ਵੇਖ ਕੇ, ਲੋਕਾਂ ਵਿਚ ਮਸ਼ਹੂਰੀ ਪਾਉਣ ਦੀ ਉਹਦੀ ਇੱਛਾ ਫੇਰ ਤੋਂ ਜਾਗ ਉੱਠੀ:

> ਜਾਂ ਸ਼ਮਊਨ ਨੇ ਵੇਖਿਆ ਜੋ ਰਸੂਲਾਂ ਦੇ ਹੱਥ[35] ਰੱਖਣ ਨਾਲ ਪਵਿੱਤਰ ਆਤਮਾ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਦੇ ਕੋਲ ਧਨ ਲਿਆਇਆ।[36] ਅਤੇ ਬੋਲਿਆ ਕਿ ਮੈਨੂੰ ਭੀ ਇਹ ਸ਼ਕਤੀ ਦਿਉ ਤਾਂ ਜੋ ਮੈਂ ਜਿਸ ਕਿਸੇ ਤੇ ਹੱਥ ਰੱਖਾਂ ਉਹ ਨੂੰ ਪਵਿੱਤਰ ਆਤਮਾ ਮਿਲੇ (ਆਇਤਾਂ 18, 19)।

ਸ਼ਮਊਨ ਇਹ ਕਾਬਲੀਅਤ ਕਿਉਂ ਪਾਉਣਾ ਚਾਹੁੰਦਾ ਸੀ? ਅਸੀਂ ਯਕੀਨ ਨਾਲ ਐਨਾ ਹੀ ਕਹਿ ਸਕਦੇ ਹਾਂ ਕਿ ਸ਼ਮਊਨ ਪਤਰਸ ਅਤੇ ਯੂਹੰਨਾ ਕੋਲ ਅਜਿਹੀ ਬੇਨਤੀ ਕਰਕੇ ਇਕ ਮਾਮੂਲੀ ਨਹੀਂ, ਸਗੋਂ ਬਹੁਤ ਵੱਡੀ ਭੁੱਲ ਕਰ ਰਿਹਾ ਸੀ।

> ਪਰ ਪਤਰਸ ਨੇ ਉਹ ਨੂੰ ਕਿਹਾ, ਤੇਰੇ ਰੁਪਏ ਤੇਰੇ ਨਾਲ ਨਾਸ ਹੋਣ[37] ਇਸ ਲਈ ਜੋ ਤੈਂ ਪ੍ਰਮੇਸ਼ਵਰ ਦੀ ਦਾਤ[38] ਨੂੰ ਮੁੱਲ ਲੈਣ ਦਾ ਖਿਆਲ ਕੀਤਾ! ਤੇਰਾ ਇਸ ਗੱਲ[39] ਵਿਚ ਨਾ ਹਿੱਸਾ ਹੈ ਨਾ ਸਾਂਝ ਕਿਉਂ ਜੋ ਤੇਰਾ ਮਨ ਪ੍ਰਮੇਸ਼ਵਰ ਦੇ ਅੱਗੇ ਸਿੱਧਾ ਨਹੀਂ।[40] ਸੋ ਤੂੰ ਆਪਣੀ ਇਸ ਬੁਰਿਆਈ ਤੋਂ ਤੌਬਾ ਕਰ ਅਤੇ ਪ੍ਰਭੂ ਦੇ ਅੱਗੇ ਬੇਨਤੀ ਕਰ ਤਾਂ ਕੀ ਜਾਣੀਏ ਜੋ ਤੇਰੇ ਮਨ ਦੀ ਸੋਚ ਮਾਫ਼ ਕੀਤੀ ਜਾਵੇ। ਕਿਉਂ ਜੋ ਮੈਂ ਵੇਖਦਾ ਹਾਂ ਭਈ ਤੂੰ ਪਿੱਤ ਦੀ ਕੁੜੱਤਣ ਅਤੇ ਬਦੀ ਦੇ ਬੰਧਨ ਵਿਚ ਹੈਂ (ਆਇਤਾਂ 20-23)।[41]

ਕੁਝ ਲੇਖਕ ਪਤਰਸ ਦੇ ਕਰੜੇ ਸ਼ਬਦਾਂ ਨੂੰ ਵੇਖ ਕੇ ਕਹਿੰਦੇ ਹਨ, ''ਮੈਂ ਤਾਂ ਕਹਿੰਦਾ ਹਾਂ ਕਿ ਸ਼ਮਊਨ ਅਸਲ 'ਚ ਬਦਲਿਆ ਹੀ ਨਹੀਂ ਸੀ!'' ਪਤਰਸ ਦੇ ਸ਼ਬਦਾਂ ਤੋਂ ਇਹ ਸਾਬਤ ਨਹੀਂ ਹੁੰਦੀ ਕਿ ਸ਼ਮਊਨ ਮਸੀਹੀ ਬਣਿਆ ਹੀ ਨਹੀਂ ਸੀ। ਸਗੋਂ ਉਨ੍ਹਾਂ ਤੋਂ ਤਿੰਨ ਸੱਚਾਈਆਂ ਤੇ ਜ਼ੋਰ ਦਿੱਤਾ ਜਾਂਦਾ ਹੈ ਜਿਨ੍ਹਾਂ ਦਾ ਹਰ ਨਵੇਂ ਬਣੇ ਮਸੀਹੀ ਨੂੰ ਅਹਿਸਾਸ ਹੋਣਾ ਜ਼ਰੂਰੀ ਹੈ: (1) ਭਾਵੇਂ

ਅਸੀਂ ਖ਼ੁਦਾ ਦੀ ਸੰਤਾਨ ਹਾਂ, ਪਰ ਫਿਰ ਵੀ ਅਸੀਂ ਪਾਪ ਵਿਚ ਜਾ ਸਕਦੇ ਹਾਂ (ਯਾਕੂਬ 5:19, 20)।[42] (2) ਮਸੀਹੀ ਬਣਨ ਦੇ ਬਾਅਦ, ਅਜੇ ਵੀ ਸਾਡੇ ਵਿਚ ਉਹੀ ਜਿਸਮਾਨੀ ਕਮਜ਼ੋਰੀਆਂ ਹਨ। ਜਿੰਨੇ ਸੰਤਾਂ ਨੂੰ ਮੈਂ ਜਾਣਦਾ ਹਾਂ ਪੌਲੁਸ ਉਨ੍ਹਾਂ ਸਭ ਨਾਲੋਂ ਵੱਧ ''ਸੁਪਰ ਸੰਤ'' ਹੋਣ ਦੇ ਕਾਬਲ ਸੀ, ਪਰ ਉਹ ਅਜੇ ਵੀ ਸਰੀਰ ਦੀਆਂ ਖ਼ਾਹਸ਼ਾਂ ਨਾਲ ਸੰਘਰਸ਼ ਕਰ ਰਿਹਾ ਸੀ (ਰੋਮੀਆਂ 7) ਅਤੇ ਉਸ ਨੂੰ ਆਪਣੇ ਸਰੀਰ ਨੂੰ ਕਾਬੂ ਵਿਚ ਰੱਖਣ ਲਈ ''ਮਾਰਨਾ ਕੁੱਟਣਾ''[43] ਪੈਂਦਾ ਸੀ (1 ਕੁਰਿੰਥੀਆਂ 9:27)। ਖ਼ੁਦਾ ਸਾਡੀਆਂ ਕਮਜ਼ੋਰੀਆਂ ਨੂੰ ਖਤਮ ਨਹੀਂ ਕਰਦਾ, ਸਗੋਂ ਉਹ ਸਾਨੂੰ ਉਨ੍ਹਾਂ ਨੂੰ ਕਾਬੂ ਵਿਚ ਰੱਖਣ ਲਈ ਸ਼ਕਤੀ ਦਿੰਦਾ ਹੈ। ਹੇ ਨਵੇਂ ਮਸੀਹੀ, ਧਿਆਨ ਰੱਖਣਾ ਕਿ ਤੁਹਾਡੇ ਅੰਦਰ ਅਜੇ ਵੀ ਕਮਜੋਰੀਆਂ ਹਨ, ਅਤੇ ਅਜਿਹੇ ਹਲਾਤਾਂ ਤੋਂ ਦੂਰ ਰਹਿਣਾ ਜਿਨ੍ਹਾਂ ਵਿਚ ਤੁਸੀਂ ਅਜ਼ਮਾਇਸ਼ ਵਿਚ ਪੈ ਸਕਦੇ ਹੋ (1 ਕੁਰਿੰਥੀਆਂ 10:12)! (3) ਮਸੀਹੀ ਬਣਨ ਦੇ ਬਾਅਦ ਭਿਆਨਕ ਪਾਪ ਕਰਨ ਦੇ ਬਾਵਜੂਦ, ਅਸੀਂ ਖ਼ੁਦਾ ਕੋਲ ਵਾਪਸ ਆ ਸਕਦੇ ਹਾਂ!

ਪਤਰਸ ਨੇ ਸ਼ਮਊਨ ਨੂੰ ਦੱਸਿਆ, ''ਸੋ ਤੂੰ ਆਪਣੀ ਇਸ ਬੁਰਿਆਈ ਤੋਂ ਤੌਬਾ ਕਰ ਅਤੇ ਪ੍ਰਭੂ ਦੇ ਅੱਗੇ ਬੇਨਤੀ ਕਰ ਤਾਂ ਕੀ ਜਾਣੀਏ ਜੋ ਤੇਰੇ ਮਨ ਦੀ ਸੋਚ ਮਾਫ਼ ਕੀਤੀ ਜਾਵੇ'' (ਆਇਤ 22)। ''ਕੀ ਜਾਣੀਏ'' ਸ਼ਬਦ ਮਾਫ਼ ਕਰਨ ਲਈ ਖ਼ੁਦਾ ਦੀ ਨਹੀਂ ਸਗੋਂ ਸ਼ਮਊਨ ਦੀ ਤੌਬਾ ਕਰਨ ਦੀ ਕਾਬਲੀਅਤ ਬਾਰੇ ਹੈ। ਮੇਰਾ ਮੰਨਣਾ ਹੈ ਕਿ ਉਨ੍ਹਾਂ ਨੇ ਸ਼ਮਊਨ ਨੂੰ ਨਿਰਾਸ਼ ਨਹੀਂ ਕੀਤਾ, ਸਗੋਂ ਉਹਦੀ ਮਦਦ ਕਰਨੀ ਚਾਹੀ ਹੋਵੇਗੀ (ਤੁਲਨਾ ਯੋਏਲ 2:12-14)। ਪਤਰਸ ਦੇ ਕਹਿਣ ਤੋਂ ਭਾਵ ਸੀ ਕਿ ''ਜੇ ਤੂੰ ਤੌਬਾ ਕਰ ਲਵੇਂ ਤਾਂ ਇਕ ਕੌੜਾ ਫ਼ਲ ਮਿੱਠਾ ਬਣ ਸਕਦਾ ਹੈ! ਜੇ ਤੂੰ ਤੌਬਾ ਕਰ ਲਵੇਂ, ਤਾਂ ਪਾਪ ਦੀਆਂ ਹੱਥਕੜੀਆਂ ਫੇਰ ਤੋਂ ਟੁੱਟ ਸਕਦੀਆਂ ਹਨ!''

ਪਤਰਸ ਦੇ ਸ਼ਬਦਾਂ ਨੇ ਸ਼ਮਊਨ ਨੂੰ ਹੈਰਾਨ ਕਰ ਦਿੱਤਾ ਹੋਵੇਗਾ ਅਤੇ ਉਹਨੇ ਮਹਿਸੂਸ ਕੀਤਾ ਕਿ ਉਹ ਕਿੰਨੀ ਭਿਆਨਕ ਸਥਿਤੀ ਵਿਚ ਸੀ। ਪਰ ''ਸ਼ਮਊਨ ਨੇ ਉੱਤਰ ਦਿੱਤਾ, ਤੁਸੀਂ ਹੀ ਮੇਰੇ ਲਈ ਪ੍ਰਭੂ ਦੇ ਅੱਗੇ ਬੇਨਤੀ ਕਰੋ ਭਈ ਜਿਹੜੀਆਂ ਗੱਲਾਂ ਤੁਸਾਂ ਆਖੀਆਂ ਹਨ ਉਨ੍ਹਾਂ ਵਿੱਚੋਂ ਕੋਈ ਮੇਰੇ ਉੱਤੇ ਨਾ ਪਵੇ'' (ਆਇਤ 24)। ਇਕ ਵਾਰ ਫੇਰ, ਸ਼ਮਊਨ ਦੇ ਅਲੋਚਕ ਉਹਦੇ ਕੰਮਾਂ ਤੇ ਹਰ ਤਰ੍ਹਾਂ ਨਾਲ ਦੋਸ਼ ਲਾਉਂਦੇ ਹਨ। ਉਹ ਨਿਚੋੜ ਕੱਢਦੇ ਹਨ ਕਿ ''ਖ਼ੁਦ ਦੁਆ ਕਰਨ ਦੀ ਬਜਾਏ, ਸ਼ਮਊਨ ਨੇ ਪਤਰਸ ਅਤੇ ਯੂਹੰਨਾ ਨੂੰ ਆਪਣੇ ਲਈ ਦੁਆ ਕਰਨ ਲਈ ਕਿਹਾ।'' ਲੂਕਾ ਨੇ ਇਹ ਨਹੀਂ ਕਿਹਾ ਕਿ ਸ਼ਮਊਨ ਤੌਬਾ ਕਰਨ ਅਤੇ ਦੁਆ ਕਰਨ ਵਿਚ ਨਕਾਮ ਰਿਹਾ। ਸਗੋਂ ਉਹਨੇ ਜ਼ੋਰ ਦਿੱਤਾ ਕਿ ਸ਼ਮਊਨ ਐਨਾ ਘਬਰਾ ਗਿਆ ਸੀ ਕਿ ਉਹਨੇ ਰਸੂਲਾਂ ਕੋਲ ਆਪਣੇ ਲਈ ਦੁਆ ਕਰਨ ਦੀ ਬੇਨਤੀ ਕੀਤੀ, ਸ਼ਾਇਦ ਇਹ ਉਹਦੀਆਂ ਆਪਣੀਆਂ ਦੁਆਵਾਂ ਦੇ ਇਲਾਵਾ ਸੀ। ਸਾਥੀ ਮਸੀਹੀਆਂ ਨੂੰ ਆਪਣੇ ਲਈ ਦੁਆ ਕਰਨ ਲਈ ਕਹਿਣ ਵਿਚ ਬੁਰੀ ਗੱਲ ਨਹੀਂ ਹੈ (ਯਾਕੂਬ 5:16)।[44] ਮੈਨੂੰ ਇਹ ਸੋਚਣਾ ਚੰਗਾ ਲਗਦਾ ਹੈ ਕਿ ਸ਼ਮਊਨ ਦੀ ਚਿੰਤਾ ਬੇਲਾਗ ਸੀ ਅਤੇ ਰੂਹਾਨੀਅਤ ਤੋਂ ਪ੍ਰੇਰਿਤ ਸੀ। ਅਤੇ ਸ਼ਮਊਨ ਦਾ ਬਾਅਦ ਦਾ ਨਜ਼ਰੀਆ ਉਸ ਪਹਿਲਾਂ ਵਾਲੇ ਜਾਦੂਗਰ ਦਾ ਤੌਬਾ ਕਰਕੇ ਗੋਡਿਆਂ ਭਾਰ ਆਉਣਾ ਸੀ।[45]

ਪਤਰਸ ਅਤੇ ਯੂਹੰਨਾ ਨੇ ਨਵੇਂ ਮਸੀਹੀਆਂ ਨਾਲ ਕੁਝ ਦਿਨ ਹੋਰ ਬਿਤਾਏ ਅਤੇ ਫਿਰ ਘਰ ਵੱਲ ਤੁਰ ਪਏ, ''ਸੋ ਜਾਂ ਉਨ੍ਹਾਂ ਸਾਖੀ ਦਿੱਤੀ[46] ਅਤੇ ਪ੍ਰਭੂ ਦਾ ਵਚਨ ਸੁਣਾਇਆ ਤਾਂ ਯਰੂਸ਼ਲਮ ਨੂੰ ਮੁੜੇ ਅਤੇ ਸਾਮਰੀਆਂ ਦਿਆਂ ਬਹੁਤ ਸਾਰਿਆਂ ਪਿੰਡਾਂ ਵਿਚ ਖੁਸ਼ਖ਼ਬਰੀ ਸੁਣਾਈ'' (ਆਇਤ 25)।[47] ਯਿਸੂ ਨੇ ਕਿਹਾ ਸੀ ਕਿ ਰਸੂਲ ਯਹੂਦੀਆ ਅਤੇ ਸਾਮਰੀਆ ਵਿਚ ਗਵਾਹ ਹੋਣਗੇ ਅਤੇ ਅਖ਼ੀਰ ਵਿਚ ਇਹ ਗੱਲਾਂ ਸੱਚ ਸਾਬਤ ਹੋਈਆਂ। ਫ਼ਿਲਿੱਪੁਸ ਵੱਲੋਂ ਸਾਮਰੀਆਂ ਦੇ ਇਕ ਸ਼ਹਿਰ

ਵਿਚ ਲਾਈ ਅੱਗ ਸਾਰੇ ਇਲਾਕੇ ਵਿਚ ਫੈਲ ਗਈ ਸੀ।

## ਲਾਟਾਂ ਦੱਖਣ ਵੱਲ ਫੈਲਦੀਆਂ ਹਨ (8:26-40)

ਖੁਸ਼ਖ਼ਬਰੀ ਦੀਆਂ ਲਾਟਾਂ ਯਰੂਸ਼ਲਮ ਤੋਂ ਉੱਤਰ ਵੱਲ ਹੀ ਨਹੀਂ ਸਗੋਂ ਦੱਖਣ ਵੱਲ ਵੀ ਫੈਲ ਗਈਆਂ। 26 ਤੋਂ 40 ਆਇਤਾਂ ਵਿਚ, ਸਾਨੂੰ ਰਾਣੀ ਦੇ ਖਜ਼ਾਨਚੀ ਦੀ ਮਨਬਦਲੀ ਬਾਰੇ ਵੀ ਪਤਾ ਲਗਦਾ ਹੈ, ਜੋ ਖੁਸ਼ਖ਼ਬਰੀ ਨੂੰ ਆਪਣੇ ਦੇਸ਼ ਇਥੋਪੀਆ ਵਿਚ ਲੈ ਗਿਆ। ਇਹ ਮਨਬਦਲੀ, ਜਿਹਦਾ ਅਗਲੇ ਪਾਠ ਵਿਚ ਅਸੀਂ ਵਿਸਤਾਰ ਨਾਲ ਅਧਿਐਨ ਕਰਾਂਗੇ, ਇਕ ਹੋਰ ''ਬ੍ਰਿਜ'' ਕਨਵਰਸ਼ਨ ਹੈ। ਖੋਜਾ ਸ਼ਾਇਦ ਗੈਰ ਯਹੂਦੀਆਂ ਤੋਂ ਯਹੂਦੀ ਬਣਿਆ ਸੀ; ਦੂਜੇ ਸ਼ਬਦਾਂ ਵਿਚ, ਉਹ ਇਕ ਯਹੂਦੀ ਮੁਰੀਦ ਸੀ ਜਿਹਨੇ ਯਹੂਦੀਆਂ ਅਤੇ ਪਰਾਈਆਂ ਕੌਮਾਂ ਵਿਚ ਪ੍ਰਚਾਰ ਕਰਨ ਲਈ ਇਕ ਪੁਲ ਦਾ ਕੰਮ ਕਰਨਾ ਸੀ।[48] ਇਸ ਤੋਂ ਵੀ ਅਹਿਮ ਗੱਲ, ਮਨਬਦਲੀ ਦੇ ਬਾਅਦ ਉਹ ਮੁਕਤੀ ਦੀ ਕਹਾਣੀ ਨਾਲ ਲੈ ਕੇ, ਆਪਣੇ ਦੇਸ਼ ਅਫ਼ਰੀਕਾ ਚਲਾ ਗਿਆ।[49] ਯਿਸੂ ਦਾ ਪੈਗ਼ਾਮ ਹਰ ਪਾਸੇ ਫੈਲ ਰਿਹਾ ਸੀ!

## ਸਾਰ

ਅੱਜ, ਕੁਝ ਮੰਡਲੀਆਂ ''ਕਿਰਾਏ ਦੀਆਂ ਬੰਦੂਕਾਂ'' ਦੀ ਮਾਨਸਿਕਤਾ ਤੋਂ ਪੀੜਤ ਹਨ। ਪ੍ਰਾਚੀਨ ਪੱਛਮ ਵਿਚ ਕਈ ਵਾਰ ਸ਼ਹਿਰਾਂ ਵਿਚ ਲੋਕ ਜਦ ''ਦੁਸ਼ਟ ਲੋਕਾਂ'' ਦਾ ਮੁਕਾਬਲਾ ਨਹੀਂ ਕਰ ਪਾਉਂਦੇ ਸਨ ਤਾਂ ਉਹ ਬੰਦੂਕਧਾਰੀ ਲੋਕਾਂ ਨੂੰ ਭਾੜੇ ਤੇ ਲੈ ਲੈਂਦੇ ਸਨ ਤਾਂ ਜੋ ਉਹ ਨਗਰ ਨੂੰ ਪਵਿੱਤਰ ਕਰ ਦੇਣ। ਇਸੇ ਤਰ੍ਹਾਂ, ਕੁਝ ਮੰਡਲੀਆਂ ਕਲੀਸੀਆ ਦੇ ਵਾਧੇ ਲਈ ਕਿਰਾਏ ਦੀਆਂ ''ਬੰਦੂਕਾਂ'' (ਯਾਨੀ ਤਨਖਾਹ ਤੇ ਕਰਮਚਾਰੀ) ਲੈਣ ਵਾਲੀ ਕਲੀਸੀਆ ਬਣਨ ਦੀ ਸੋਚਦੀਆਂ ਹਨ। ਉਹ ਕਹਿੰਦੇ ਹਨ, ''ਜੇ ਅਸੀਂ ਸਹੀ ਲੋਕਾਂ ਨੂੰ ਕਿਰਾਏ ਤੇ ਲੈ ਸਕੀਏ ਤਾਂ ਇਸ ਨਾਲ ਸਾਡੀਆਂ ਸਾਰੀਆਂ ਮੁਸ਼ਕਲਾਂ ਦਾ ਹੱਲ ਹੋ ਜਾਵੇਗਾ।''[50] ''ਫੁੱਲਟਾਈਮ ਸਟਾਫ਼'' (ਰਸੂਲ)[51] ਉਨ੍ਹਾਂ ਵਿਚ *ਨਹੀਂ* ਸਨ ਜੋ ਖਿੰਡ ਗਏ ਸਨ, ਅਤੇ ''ਵਚਨ ਦੀ ਖੁਸ਼ਖ਼ਬਰੀ ਸੁਣਾਉਣ'' ਵਾਲੇ ਇਹ ਅਸਾਧਾਰਣ ''ਸਧਾਰਣ'' ਲੋਕ ਹੀ ਸਨ।[52] ਮੁੰਡੇ-ਕੁੜੀਆਂ, ਆਦਮੀ ਅਤੇ ਔਰਤਾਂ *ਸਭ* ਜੋ ਮਸੀਹੀ ਸਨ ਖੁਸ਼ਖ਼ਬਰੀ ਦੀਆਂ ਗੱਲਾਂ ਦੂਜਿਆਂ ਨੂੰ ਦੱਸਦੇ ਸਨ! ਤੁਹਾਨੂੰ ਰਸੂਲਾਂ ਦੇ ਕੰਮ ਦੀ ਕਿਤਾਬ ਵਿੱਚੋਂ ''ਕਲੀਸੀਆ ਦੇ ਵਧਣ ਦੇ ਰਹੱਸ'' ਤੇ ਕੋਈ ਸਪਸ਼ਟ ਵਾਕ ਨਹੀਂ ਮਿਲੇਗਾ!

ਮੈਂ ਉਸ ਦਿਨ ਦੀ ਉਡੀਕ ਵਿਚ ਹਾਂ ਜਦ ਹਰ ਇਕ ਮਸੀਹੀ ਭਾਵੇਂ ਉਹ ਭਾਰਤ ਦੇਸ਼ ਵਿਚ ਹੋਵੇ ਜਾਂ ਦੁਨੀਆਂ ਦੇ ਕਿਸੇ ਵੀ ਹੋਰ ਦੇਸ਼ ਵਿਚ, ਪ੍ਰਭੂ ਨਾਲ ਐਨਾ ਭਰ ਜਾਵੇ ਕਿ ਉਹ ਆਪਣੇ ਸਭ ਮਿਲਣ ਵਾਲਿਆਂ ਨੂੰ ਖੁਸ਼ਖ਼ਬਰੀ ਨੂੰ ਸੁਣਾ ਸਕੇ! ਇਕ ਵਾਰ ਫੇਰ ਖੁਸ਼ਖ਼ਬਰੀ ਦੀ ਅੱਗ ਧਰਤੀ ਦੇ ਚਾਰੇ ਪਾਸੇ ਫੈਲ ਜਾਵੇਗੀ!

---

ਟਿੱਪਣੀਆਂ

[1]ਕਈਆਂ ਦਾ ਕਹਿਣਾ ਹੈ ਕਿ ਇਸਤੀਫ਼ਾਨ ਦਾ ਉਪਦੇਸ਼ ''ਯਹੂਦੀਆਂ ਲਈ ਆਖ਼ਰੀ ਮੌਕਾ'' ਸੀ। ਇਹ ਇਕ ਅਤਿਕਥਨੀ ਹੈ। ਪੌਲੁਸ ਅਤੇ ਹੋਰਨਾਂ ਨੇ ਜਿੱਥੇ ਵੀ ਉਹ ਗਏ ਯਹੂਦੀਆਂ ਤਕ ਪਹੁੰਚਣ ਦੀ ਕੋਸ਼ਸ਼ ਕੀਤੀ (ਧਿਆਨ ਦਿਓ ਕਿ 28: 16-31 ਵਿਚ ਰਸੂਲਾਂ ਦੇ ਕੰਮ ਕਿਤਾਬ ਖਤਮ ਕਿਵੇਂ ਹੁੰਦੀ ਹੈ)। ਪਰ ਸ਼ਾਇਦ, *ਯਰੂਸ਼ਲਮ* ਵਿਚ

ਪਹੁੰਚਣ ਦੀ ਖ਼ੁਦਾ ਦੀ ਇਹ ਆਖ਼ਰੀ ਵੱਡੀ ਕੋਸ਼ਸ਼ *ਸੀ* (ਵੇਖੋ ਮੱਤੀ 23:37, 38)। ਤੀਹ ਜਾਂ ਇਸ ਤੋਂ ਵੱਧ ਸਾਲਾਂ ਬਾਅਦ, ਵਿਸਪੈਨੀਅਨ ਅਤੇ ਟਾਈਟਸ ਦੀਆਂ ਫ਼ੌਜਾ ਨੇ ਯਰੂਸ਼ਲਮ ਅਤੇ ਹੈਕਲ ਨੂੰ ਤਹਿਸ ਨਹਿਸ ਕਰ ਦਿੱਤਾ ਸੀ, ਜਿਸ ਵਿਚ ਦੱਸ ਲੱਖ ਤੋਂ ਵੱਧ ਲੋਕ ਮਾਰੇ ਗਏ। [2]ਕਾਲਕ੍ਰਮਾਂ ਵਿਚ ਤਿੰਨ ਜਾਂ ਚਾਰ ਤੋਂ ਲੈ ਕੇ ਸੱਤ ਤੋਂ ਅੱਠ ਸਾਲਾਂ ਦਾ ਫ਼ਰਕ ਹੈ। [3]ਇਹ ਅੰਦਾਜ਼ਾ ਹੈ ਕਿ ਪੈਂਟੀਕਾਸਟ ਵਾਲੇ ਦਿਨ ਬਦਲਣ ਵਾਲੇ ਲੋਕਾਂ ਵਿੱਚੋਂ ਕੋਈ ਆਪਣੇ ਘਰ ਪਰਤਿਆ ਜਾ ਨਹੀਂ। ਕਿਉਂਕਿ ''ਯਰੂਸ਼ਲਮ ਦੇ ਆਲੇ ਦੁਆਲੇ ਦੇ ਨਗਰਾਂ ਵਿੱਚੋਂ'' ਬਹੁਤ ਸਾਰੇ ਲੋਕ ਆਪਣੇ ਬੀਮਾਰ ਰਿਸ਼ਤੇਦਾਰਾਂ ਨੂੰ ਚੰਗਾਈ ਦੁਆਉਣ ਵਾਸਤੇ ਲਿਆਉਂਦੇ ਸਨ (ਰਸੂਲਾਂ ਦੇ ਕੰਮ 5:16), ਕਈ ਲੋਕਾਂ ਨੂੰ ਹੈਰਾਨਗੀ ਹੈ ਕਿ ਯਰੂਸ਼ਲਮ ਦੇ ਵਾਲੇ ਦੁਆਲੇ ਦੇ ਇਲਾਕਿਆਂ ਵਿਚ ਵੀ ਕਲੀਸੀਆਵਾਂ ਕਾਇਮ ਹੋ ਚੁੱਕਿਆਂ ਸਨ। ਪਰ ਆਮ ਤੌਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਰਸੂਲ ਅਜੇ ਯਿਸੂ ਦੇ ਕਹਿਣ ਮੁਤਾਬਕ ਯਰੂਸ਼ਲਮ ਤੋਂ ਅੱਗੇ ਗਵਾਹ *ਨਹੀਂ* ਬਣੇ ਸਨ। [4]8:1, 4 ਵਿਚ ਯੂਨਾਨੀ ਸ਼ਬਦ ਦੇ ਅਨੁਵਾਦ ''ਖਿੰਡ-ਪੁੰਡ'' ਦੀ ਵਰਤੋਂ ਯੂਨਾਨੀਆਂ ਵੱਲੋਂ ਬੀ ਖਿਲਾਰਨ ਲਈ ਕੀਤੀ ਜਾਂਦੀ ਸੀ। [5]''ਭਾੜੇ ਦਾ ਕਾਤਲ'' ਭਾੜੇ ਤੇ ਲਿਆਂਦੇ ਗਏ ਕਾਤਲ ਨੂੰ ਕਿਹਾ ਜਾਂਦਾ ਹੈ। ਬੇਸ਼ੱਕ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਮਸੀਹੀ ਲੋਕਾਂ ਨੂੰ ਕਤਲ ਕਰਨ ਲਈ ਸੌਲੁਸ ਨੂੰ ਤਨਖਾਹ ਮਿਲਦੀ ਸੀ। ਉਹ ਇਹ ਸਭ ਇਸ ਲਈ ਕਰਦਾ ਸੀ ਕਿਉਂ ਜੋ ਉਹਨੂੰ ਲਗਦਾ ਸੀ ਕਿ ਉਹਨੂੰ ਇਹ ਕਰਨਾ ਚਾਹੀਦਾ ਹੈ (ਇਸ ਭਾਗ ਵਿਚ ਸੌਲੁਸ ਦੀ ਮਨਬਦਲੀ ਤੇ ਉਪਦੇਸ਼ ਵੇਖੋ)। [6]ਬਾਅਦ ਵਿਚ ਜਦ ਸੌਲੁਸ ਮਸੀਹੀ ਲੋਕਾਂ ਨੂੰ ਗ੍ਰਿਫ਼ਤਾਰ ਕਰਨ ਲਈ ਦਮਿਸ਼ਕ ਵਿਚ ਗਿਆ, ਤਾਂ ਸਪਸ਼ਟ ਤੌਰ ਤੇ ਉਹਦੀ ਮਦਦ ਲਈ ''ਪੁਰਖ ਉਹਦੇ ਨਾਲ'' ਗਏ ਸਨ (9:7)। [7]ਇਹਦਾ ਮਤਲਬ ਇਹ ਹੈ ਕਿ ਸਤਾਅ ਸ਼ੁਰੂ ਹੋਣ ਸਮੇਂ ਮਸੀਹੀ ਲੋਕ ਆਲੇ ਦੁਆਲੇ ਦੇ ਇਲਾਕਿਆਂ ਵਿਚ ਬਚਾਅ ਲਈ *ਭੱਜ ਗਏ* ਜਾਂ ਸੌਲੁਸ ਅਤੇ ਉਹਦੇ ਸਾਥੀ ਉਨ੍ਹਾਂ ਨੂੰ ਬਾਹਰ *ਧੂ* ਲਿਆਏ? ਸ਼ਾਇਦ ਇਹ ਦੋਵੇਂ ਗੱਲਾਂ ਹੋਈਆਂ। [8]'' 'ਸਭ' (*pantes*) ਲਈ ਸ਼ਬਦ ਆਮ ਤੌਰ ਤੇ ਸਾਧਾਰਣ ਵਿਆਖਿਆ ਲਈ ਹੁੰਦਾ ਹੈ, ਸੰਪੂਰਣ ਕ੍ਰਿਆ ਲਈ ਨਹੀਂ'' (ਜੇ. ਡਬਲਯੂ. ਰਾਬਰਟਸ, *ਐਕਟਸ ਆਫ਼ ਅਪੋਸਟਲਸ,* ਪਾਰਟ 1 [ਆਸਟਿਨ, ਟੈਕਸਸ: ਆਰ. ਬੀ. ਸਵੀਟ ਕੰ., 1967], 59)। [9]ਬਹੁਤ ਸਾਰੇ ਟੀਕਾਕਾਰਾਂ ਦਾ ਮੰਨਣਾ ਹੈ ਕਿ ਸਤਾਅ ਮੁੱਖ ਤੌਰ ਤੇ ਇਸਤੀਫ਼ਾਨ ਵਰਗੇ ਯੂਨਾਨੀ ਯਹੂਦੀ ਮਸੀਹੀਆਂ ਉੱਤੇ ਕੇਂਦਰਤ ਸੀ। ਇਸ ਕਰਕੇ ਰਸੂਲ (ਅਤੇ ਹੋਰ ਸਥਾਨਕ ਯਹੂਦੀ ਮਸੀਹੀ) ਸੌਲੁਸ ਅਤੇ ਉਹਦੇ ਹਮਵਤਨਾਂ ਨਾਲ ਇਕੱਲੇ ਹੀ ਛੱਡ ਦਿੱਤੇ ਗਏ ਸਨ। ਜੋ ਲੋਕ ਇਹ ਗੱਲ ਕਹਿੰਦੇ ਹਨ, ਉਹ (8:2; 9:26; 11:2, 22) ਇਹ ਮੰਨਦੇ ਹੋਏ ਕਿ ਇਹ ਸਥਾਨਕ ਯਹੂਦੀ ਮਸੀਹੀ ਸਨ, ਟਿੱਪਣੀ ਕਰਦੇ ਹਨ ਕਿ ਕੁਝ ਮਸੀਹੀ ਯਰੂਸ਼ਲਮ ਵਿਚ ਰਹੇ। ਦੂਜੇ ਪਾਸੇ ਇਹ ਨਾਮੁਮਕਨ ਹੈ ਕਿ ਸ਼ਹਿਰ ਦੇ *ਹਰ* ਮਸੀਹੀ ਨੂੰ ਧੂਹਿਆ ਗਿਆ ਹੋਵੇ, ਅਤੇ ਕਈ ਸੌਲੁਸ ਦੀ ਮਨਬਦਲੀ ਦੇ ਬਾਅਦ ਯਰੂਸ਼ਲਮ ਵਿਚ ਵਾਪਸ ਆ ਗਏ ਹੋਣਗੇ। ਫਿਰ ਬਰਨਾਬਾਸ ਉਨ੍ਹਾਂ ਵਿੱਚੋਂ ਇਕ ਸੀ ਜੋ ਯਰੂਸ਼ਲਮ ਦੀ ਕਲੀਸੀਆ ਵਿਚ ਸਨ (11:22), ਅਤੇ ਬਰਨਾਬਾਸ ਕੁਪਰੁਸ ਤੋਂ ਸੀ (ਯਾਨੀ ਉਹ ਇਕ ਯੂਨਾਨੀ ਭਾਸ਼ੀ ਮਸੀਹੀ ਸੀ) 4:36. 8:1 ਵਾਲੇ ''ਉਹ ਸਭ'' ਨੂੰ ''ਯਰੂਸ਼ਲਮ ਵਿਚ ਜ਼ਿਆਦਾਤਰ ਯੂਨਾਨੀ ਭਾਸ਼ਾ ਬੋਲਣ ਵਾਲੇ ਮਸੀਹੀਆਂ'' ਦੀ ਬਜਾਏ ''ਯਰੂਸ਼ਲਮ ਦੇ ਜ਼ਿਆਦਾਤਰ ਮਸੀਹੀਆਂ'' ਤੇ ਵਿਚਾਰ ਕਰਨਾ ਵਧੇਰੇ ਸਹੀ ਲਗਦਾ ਹੈ। [10]''ਭਗਤ'' ਮਸੀਹੀ ਲੋਕਾਂ ਜਾਂ ਗੈਰ ਮਸੀਹੀਆਂ ਨੂੰ ਕਿਹਾ ਹੋ ਸਕਦਾ ਹੈ (ਲੂਕਾ 2:25; ਰਸੂਲਾਂ ਦੇ ਕੰਮ 2:5; 22:12)। ਮੈਂ ਕਲਪਨਾ ਕਰਦਾ ਹਾਂ ਕਿ ਸਾਰੇ ਨਹੀਂ ਤਾਂ ਇਨ੍ਹਾਂ ਵਿੱਚੋਂ ਬਹੁਤੇ ਮਸੀਹੀ ਸਨ, ਕਿਉਂਕਿ ਖ਼ਾਸ ਕਰਕੇ ਉਸ ਖ਼ਤਰੇ ਵਿਚ ਜੋ ਉਸ ਨੂੰ ਦਫ਼ਨਾਉਣ ਵਿਚ ਸੀ, ਗੈਰ ਮਸੀਹੀ ਲੋਕਾਂ ਨੇ ਨਹੀਂ ਸਗੋਂ ਮਸੀਹੀ ਲੋਕਾਂ ਨੇ ਆਪਣੇ ਭਾਈ ਇਸਤੀਫ਼ਾਨ ਨੂੰ ਦਫ਼ਨਾਇਆ ਹੋਵੇਗਾ।

[11]ਇਹ ਨਿਯਮ ਸ਼ਾਇਦ ਹਾਰੂਨ ਦੇ ਪੁੱਤਰਾਂ ਦੀ ਮੌਤ ਸਮੇਂ ਉਸ ਤੇ ਲੱਗੀ ਬੰਦਿਸ਼ ਵਰਗਾ ਹੀ ਸੀ (ਲੇਵੀਆਂ ਦੀ ਪੋਥੀ 10:6; ਯਿਰਮਿਯਾਹ 22:19 ਵੀ ਵੇਖੋ)। [12]ਇਹ ਪਹਿਲੀ ਵਾਰ ਹੈ ਜਦ ਕਲੀਸੀਆ ਦੀਆਂ ਮਹਿਲਾ ਮੈਂਬਰਾਂ ਨੂੰ ਸਤਾਅ ਲਈ ਨਿਸ਼ਾਨਾ ਬਣਾਇਆ ਗਿਆ ਹੋਵੇ। [13]ਇਹਦਾ ਮਤਲਬ ਇਹ ਹੋ ਸਕਦਾ ਹੈ ਕਿ ਉਹਨੇ ਉਨ੍ਹਾਂ ਤੋਂ ਪ੍ਰਭੂ ਦੇ ਰੂਪ ਵਿਚ ਯਿਸੂ ਦਾ ਇਕਰਾਰ ਕਰਾਉਣ ਦੀ ਕੋਸ਼ਸ਼ ਕੀਤੀ ਹੋਵੇਗੀ, ਜਾਂ ਇਹ ਉਸ ਸਮੇਂ ਕੁਫ਼ਰ ਬਕਣਾ ਸੀ ਅਤੇ ਇਹਦੀ ਸਜ਼ਾ ਮੌਤ ਸੀ ਜਾਂ ਇਹਦਾ ਮਤਲਬ ਇਹ ਹੋ ਸਕਦਾ ਹੈ ਕਿ ਉਹਨੇ ਉਨ੍ਹਾਂ ਤੋਂ ਯਿਸੂ ਦਾ ਇਨਕਾਰ ਕਰਾਉਣ ਦੀ ਕੋਸ਼ਸ਼ ਕੀਤੀ ਹੋਵੇਗੀ, ਜੋ ਰਸੂਲਾਂ ਦੇ ਕੰਮ 26 ਅਧਿਆਇ ਵਿਚ ਉਹ ਆਪਣੀ ਗੱਲ ਕਹਿੰਦੇ ਵਕਤ ਉਹਦੀ ਨਜ਼ਰ ਵਿਚ ਕੁਫ਼ਰ ਹੋਵੇਗਾ। ਸ਼ਾਇਦ ਬਾਅਦ ਵਾਲੀ ਗੱਲ ਉਹਦੇ ਲਈ ਹੀ ਸੀ। [14]ਇਹ ਵਿਚਾਰ ਸਦਰਨ ਹਿਲਜ਼ ਚਰਚ ਆਫ਼ ਕ੍ਰਾਈਸਟ ਵਿਚ 21 ਅਪ੍ਰੈਲ 1985 ਨੂੰ ਦਿੱਤੇ ਗਏ ਰਿੱਕ ਐਚਲੇ ਦੇ ਸੰਦੇਸ਼ ''ਵਿਕਟਰੀ ਇਨ ਟ੍ਰੈਜਡੀ'' ਤੋਂ ਲਏ ਗਏ ਸਨ। [15]ਅਰਥਾਵਲੀ ਵਿਚ ਵੇਖੋ ''ਸਾਮਰੀ।'' [16]''ਫ਼ਿੱਲਿਪੁਸ ਅਤੇ ਪਤਰਸ ਦੀਆਂ ਯਾਤਰਾਵਾਂ'' ਵਾਲਾ ਨਕਸ਼ਾ ਵੇਖੋ। [17]ਥਿਓਲੋਜਿਕਲ (ਧਰਮ ਸ਼ਾਸਤਰੀ) ਨਜ਼ਰੀਏ ਤੋਂ ਸਾਮਰੀ ਯਹੂਦੀਆਂ ਤੋਂ ਬਹੁਤਾ ਦੂਰ ਨਹੀਂ ਕੱਢੇ ਗਏ ਸਨ (ਖ਼ਾਸ ਕਰਕੇ ਸਦੂਕੀਆਂ ਤੋਂ), ਪਰ ਸ਼ਮਊਨ ਜਾਦੂਗਰ ਨੂੰ ਉਨ੍ਹਾਂ ਦਾ ਮੰਨਣਾ ਇਹ ਦਰਸਾਉਂਦਾ ਹੈ ਕਿ ਅਮਲੀ ਤੌਰ ਤੇ ਉਹ

ਆਪਣੀ ਮੂਰਤੀਪੂਜਕ ਕੁਲਪਰੰਪਰਾ ਤੋਂ ਬਹੁਤਾ ਦੂਰ ਨਹੀਂ ਗਏ ਸਨ। [18]ਦੂਜੇ ਸ਼ਬਦਾਂ ਵਿਚ, ਉਹਨੇ ਆਤਮਾ ਦੀ ਸਿੱਖਿਆ ਮੰਨੀ ਸੀ (ਜੋ ਰਸੂਲਾਂ ਰਾਹੀਂ ਦਿੱਤੀ ਗਈ ਸੀ) ਤਾਂ ਜੋ ਉਹਦਾ ਜੀਵਨ ਆਤਮਾ ਦੇ ਵੱਸ ਵਿਚ ਹੋ ਜਾਵੇ। ਇਸ ਕਰਕੇ ਉਹਦੇ ਜੀਵਨ ਤੋਂ ''ਆਤਮਾ ਦਾ ਫ਼ਲ'' ਮਿਲਿਆ ਸੀ (ਗਲਾਤੀਆਂ 5:22, 23)।[19]ਯਰੂਸ਼ਲਮ ਦੇਸ਼ ਵਿਚ ਸਭ ਤੋਂ ਉੱਚੇ ਥਾਂ ਉੱਤੇ ਵੱਸਿਆ ਹੋਇਆ ਸੀ। ਕੋਈ ਯਰੂਸ਼ਲਮ ਤੋਂ ਕਿਸੇ ਵੀ ਪਾਸੇ ਜਾਵੇ, ਉਹ ''ਹੇਠਾਂ'' ਹੀ ਹੁੰਦਾ ਸੀ (ਵੇਖੋ ਆਇਤ 15)। [20]*Sebaste* ''ਅਗਸਤੁਸ'' ਲਈ ਯੂਨਾਨੀ ਸ਼ਬਦ ਸੀ। ਸ਼ਹਿਰ ਦਾ ਨਵਾਂ ਨਾਂਅ ਸਮਰਾਟ ਨੂੰ ਵਡਿਆਈ ਦੇਣ ਲਈ ਰੱਖਿਆ ਗਿਆ ਸੀ।

[21]NIV ਵਿਚ ''ਸਾਮਰੀਆ ਦਾ *ਇਕ* ਸ਼ਹਿਰ'' ਹੈ। ਇਕ ਸੰਭਾਵਨਾ ਗਿੱਤਾ ਅਰਥਾਤ ਸ਼ਮਊਨ ਜਾਦੂਗਰ ਦਾ ਪਰੰਪਰਾਗਤ ਤੇ ਜਨਮ ਸਥਾਨ ਸੀ। [22]ਰਸੂਲਾਂ ਦੇ ਕੰਮ 6:6 ਅਤੇ 8:18 ਤੇ ਨੋਟਸ ਵੇਖੋ। [23]ਮੋਅਜਜ਼ਿਆਂ ਦੇ ਮਕਸਦ ਤੇ, ਵੇਖੋ ਮਰਕੁਸ 16:20; ਇਬਰਾਨੀਆਂ 2:3, 4. ਧਿਆਨ ਦਿਓ ਕਿ ਫ਼ਿਲਿੱਪੁਸ ਨੇ ਪਹਿਲਾਂ ਮੋਅਜਜ਼ੇ ਕੀਤੇ ਅਤੇ *ਫਿਰ* ਪ੍ਰਚਾਰ ਕੀਤਾ। ਕਥਿਤ ''ਚੰਗਾਈ ਸਭਾਵਾਂ'' ਵਿਚ ਅੱਜ ਆਮ ਤੌਰ ਤੇ ਭੀੜ ਨੂੰ ਜੋਸ਼ ਵਿਚ ਲਿਆਉਣ ਲਈ ਪਹਿਲਾਂ ਪ੍ਰਚਾਰ ਕੀਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਨੂੰ ਹੋਣ ਵਾਲੇ ਉਨ੍ਹਾਂ ''ਚਮਤਕਾਰਾਂ'' ਲਈ ਤਿਆਰ ਕੀਤਾ ਜਾ ਸਕੇ। [24]ਕਿਤਾਬ ਵਿਚ ਅੱਗੇ ''ਭੂਤ: ਦੁਸ਼ਟ ਰੂਹਾਨੀ ਜੀਵ'' ਤੇ ਵਧੀਕ ਲੇਖ ਵੇਖੋ। [25]ਧਿਆਨ ਦਿਓ ਕਿ ਆਤਮਾ ਤੋਂ ਪ੍ਰੇਰਣਾ ਪਾਏ ਵੈਦ ਲੂਕਾ ਭੂਤ ਚੰਬੜੇ ਹੋਣ ਅਤੇ ਜਿਸਮਾਨੀ ਬੀਮਾਰੀ ਵਿਚ ਫ਼ਰਕ ਕਰਦਾ ਹੈ। [26]''ਜਾਦੂ ਕਰਕੇ'' (*mageuon*) ਦਾ ਯੂਨਾਨੀ ਸ਼ਬਦ ''magi'' (ਮੱਤੀ 2:1) ਲਈ ਯੂਨਾਨੀ ਸ਼ਬਦ ਨਾਲ ਜੁੜਿਆ ਹੈ। ਪੰਜਾਬੀ ਦੀ ਬਾਈਬਲ ਵਿਚ ਸ਼ਮਊਨ ਨੂੰ ''ਸ਼ਮਊਨ ਜਾਦੂਗਰ'' ਕਿਹਾ ਗਿਆ ਹੈ। [27]ਬਾਰਨਮ ਐਂਡ ਬੈਲੀ ਸਰਕਸ ਦਾ ਮਸ਼ਹੂਰ, ਪੀ. ਟੀ. ਬਾਰਨਮ ਹੁਣ ਤਕ ਦਾ ਸਭ ਤੋਂ ਵੱਡਾ ਸ਼ੋ ਮੈਨ ਹੋਇਆ ਹੈ। [28]ਸ਼ਮਊਨ ਦੇ ਜਾਦੂ ਅਤੇ ਫ਼ਿਲਿੱਪੁਸ ਦੇ ਮੋਅਜਜ਼ਿਆਂ ਵਿਚ ਕਈ ਫ਼ਰਕ ਦੱਸੇ ਜਾ ਸਕਦੇ ਹਨ। ਹੋਰ ਗੱਲਾਂ ਵਿਚ ਜੋ ਕੁਝ ਫ਼ਿਲਿੱਪੁਸ ਨੇ ਕੀਤਾ ਉਹ ਵਿਹਾਰਕ ਸੀ ਕਿਉਂਕਿ ਉਹਨੇ ਲੋਕਾਂ ਨੂੰ ਚੰਗਾ ਕੀਤਾ ਅਤੇ ਲੋਕਾਂ ਨੂੰ ਅਨੰਦ ਨਾਲ ਭਰਿਆ ਸੀ। ਸ਼ਮਊਨ ਨੇ ਲੋਕਾਂ ਨੂੰ ਬੇਵਕੂਫ਼ ਬਣਾਇਆ ਸੀ ਅਤੇ ਉਨ੍ਹਾਂ ਨੂੰ ਖੌਫ਼ਜ਼ਦਾ ਕੀਤਾ ਸੀ। ਵਿਸਤਾਰ ਨਾਲ ਤੁਲਨਾ ਲਈ, ''ਇਕ ਜਾਦੂਗਰ ਦੀ ਮਨਬਦਲੀ'' ਤੇ ਉਪਦੇਸ਼ ਵੇਖੋ। [29]ਫ਼ਿਲਿੱਪੁਸ ਵੱਲੋਂ ਵਿਖਾਏ ਗਏ ਮੋਅਜਜ਼ਿਆਂ ਉੱਤੇ ਸ਼ਮਊਨ ਦੀ ਹੈਰਾਨਗੀ ਉਨ੍ਹਾਂ ਦੀ ਯਥਾਰਥਤਾ ਦੀ ਜ਼ੋਰਦਾਰ ਗਵਾਹੀ ਹੈ। ਜੇ ਫ਼ਿਲਿੱਪੁਸ ਨੇ ਮਸ਼ਹੂਰ ਹੋਣ ਲਈ ਲੋਕਾਂ ਵਿਚ ਹੋਛੇ ਹੱਥਕੰਡੇ ਅਪਣਾਏ ਹੁੰਦੇ (ਜਿਵੇਂ ਕਿ ਕੁਝ ਅਲੋਚਕਾਂ ਦਾ ਕਹਿਣਾ ਹੈ), ਤਾਂ ਸ਼ਮਊਨ ਨੂੰ ਫ਼ੌਰਨ ਪਤਾ ਲੱਗ ਜਾਣਾ ਸੀ। [30]ਇਸ ਗੱਲ ਵਿਚ ਵਿਅੰਗ ਦੀ ਇਕ ਝਲਕ ਮਿਲਦੀ ਹੈ ਕਿ ਭੇਜੇ ਹੋਇਆਂ ਵਿੱਚੋਂ ਯੂਹੰਨਾ ਇਕ ਸੀ। ਸ਼ੁਰੂ ਵਿਚ ਸਾਮਰੀਆ ਦੀ ਮੁਢਲੀ ਯਾਤਰਾ ਉੱਤੇ, ਉਹਨੇ ਸਾਮਰੀਆਂ ਉੱਤੇ ਅੱਗ ਡੇਗਣ ਦੀ ਇੱਛਾ ਕੀਤੀ ਸੀ (ਲੂਕਾ 9:52-54)।


[31]ਸੁਝਾਅ ਦਿੱਤਾ ਗਿਆ ਹੈ ਕਿ ਖ਼ੁਦਾ ਨੇ ਸਾਮਰੀਆਂ ਤੋਂ ''ਆਤਮਾ ਦੇ (ਗੈਰ ਚਮਤਕਾਰੀ) ਦਾਨ'' ਜਾਣ ਬੁਝ ਕੇ ਰੋਕ ਰੱਖਿਆ ਅਤੇ ਇਹ ਵਿਖਾਉਣ ਲਈ ਕਿ ਉਨ੍ਹਾਂ ਨੂੰ ਵੀ ਖ਼ੁਦਾ ਨੇ ਕਬੂਲ ਕਰ ਲਿਆ ਸੀ, ਪਤਰਸ ਅਤੇ ਯੂਹੰਨਾ ਸਾਮਰੀਆਂ ਉੱਤੇ ਆਤਮਾ ਦੇ ਇਸ ''ਸਧਾਰਣ ਮਾਪ'' ਨੂੰ ਦੇਣ ਲਈ ''ਇਕ ਸਮਾਰੋਹ'' ਵਿਚ ਖ਼ਾਸ ਤੌਰ ਤੇ ਸਾਮਰੀਆ ਵਿਚ ਆਏ। ਮੈਂ ਮੰਨਦਾ ਹਾਂ ਕਿ ਪਤਰਸ ਅਤੇ ਯੂਹੰਨਾ ਵਿਖਾਉਣਾ ਚਾਹੁੰਦੇ ਹਨ ਕਿ ਖ਼ੁਦਾ ਨੇ ਸਾਮਰੀਆਂ ਨੂੰ ਕਬੂਲ ਕਰ ਲਿਆ ਹੈ, ਪਰ (1) ਇਹ ਮੰਨਣ ਵਿਚ ਨਹੀਂ ਆਉਂਦਾ ਕਿ ਖ਼ੁਦਾ ਐਨੀ ਖ਼ਾਸ ਬਰਕਤ ਉਨ੍ਹਾਂ ਤੋਂ ਰੋਕ ਲਵੇ ਜਿਨ੍ਹਾਂ ਨੂੰ ਬਪਤਿਸਮਾ ਦਿੱਤਾ ਗਿਆ ਸੀ। ''ਜਿਹਦੇ ਵਿਚ ਮਸੀਹ ਦਾ ਆਤਮਾ ਨਹੀਂ ਸੋ ਉਹ ਉਹਦਾ ਨਹੀਂ'' (ਰੋਮੀਆਂ 8:9)। ਭਲਾ ਪਤਰਸ ਅਤੇ ਯੂਹੰਨਾ ਦੇ ਪਹੁੰਚਣ ਤਕ ਸਾਮਰੀ ਲੋਕ ਮਸੀਹ ਦੇ ਨਹੀਂ ਸਨ? (2) ਕਿਉਂਕਿ ਇਹਦਾ ਕੋਈ ਬਾਹਰੀ ਨਿਸ਼ਾਨ ਨਹੀਂ ਹੈ ਕਿ ਮਨੁੱਖ ਆਤਮਾ ਦੇ ''ਸਾਧਾਰਣ ਮਾਪ'' ਨੂੰ ਕਦੋਂ ਪਾਉਂਦਾ ਹੈ, ਸਭ ਲੋਕਾਂ ਲਈ ਪਤਰਸ ਅਤੇ ਯੂਹੰਨਾ ਨੂੰ ਲੋਕਾਂ ਤੇ ਹੱਥ ਰੱਖਦਿਆਂ *ਵੇਖਿਆ* ਹੋਵੇਗਾ। ਯਹੂਦੀ ਜਾਂ ਸਾਮਰੀ ਤੇ ਇਹ ਕਿਵੇਂ ਜ਼ਾਹਰ ਹੁੰਦਾ ਹੈ ਕਿ ਖ਼ੁਦਾ ਨੇ ਸਾਮਰੀਆ ਨੂੰ ਕਬੂਲ ਕਰ ਲਿਆ ਸੀ? ਅਚੰਭੇ ਕੰਮ ਕਰਨ ਦੀਆਂ ਯੋਗਤਾਵਾਂ ਦੇ ਦਾਨ ਦੇਣਾ (ਜਿਵੇਂ ਵੇਖਿਆ ਜਾ *ਸਕਦਾ* ਸੀ) ਮੌਕੇ ਦੇ ਮੁਤਾਬਕ ਸੀ; ਮਿਲੇ ਹੋਏ ਆਤਮਾ ਦਾ ਦਿੱਤਾ ਜਾਣਾ ਨਹੀਂ। [32]ਇਸ ਗੱਲ ਨੂੰ ਕਿ ਫ਼ਿਲਿੱਪੁਸ ਮੋਅਜਜ਼ੇ ਕਰਨ ਦੀ ਯੋਗਤਾ ਹੋਰ ਕਿਸੇ ਨੂੰ ਅੱਗੇ ਨਹੀਂ ਦੇ ਸਕਿਆ, ਇਸ ਤੱਥ ਤੋਂ ਹੋਰ ਬਲ ਮਿਲਦਾ ਹੈ ਕਿ ਸ਼ਮਊਨ ਨੇ ਲੋਕਾਂ ਉੱਤੇ ਹੱਥ ਰੱਖਣ ਦੀ ਯੋਗਤਾ ਫ਼ਿਲਿੱਪੁਸ ਤੋਂ ਨਹੀਂ ਸਗੋਂ ਰਸੂਲਾਂ ਤੋਂ ਖ਼ਰੀਦਣ ਦੀ ਕੋਸ਼ਸ਼ ਕੀਤੀ ਸੀ। ''ਇਹ ਤਾਂ ਯਕੀਨ ਕਰਨ ਤੋਂ ਬਾਹਰ ਦੀ ਗੱਲ ਹੈ ਕਿ ਜੇ ਫ਼ਿਲਿੱਪੁਸ ਅਜਿਹਾ ਦਾਨ ਦੇ ਸਕਦਾ ਹੁੰਦਾ ਤਾਂ ਸ਼ਮਊਨ ਰਸੂਲਾਂ ਦੀ ਬਜਾਏ, ਉਸੇ ਤੋਂ ਖ਼ਰੀਦਣ ਦੀ ਕੋਸ਼ਸ਼ ਨਾ ਕਰਦਾ'' (ਕਾਫ਼ਮੈਨ, 164)। [33]ਮੈਂ ਇਸ ਨੂੰ ਇਕ ਮਜ਼ਬੂਤ ਤਰਕ ਮੰਨਦਾ ਹਾਂ ਅਤੇ ਇਹ ਤਰਕ ਦੇਣ ਵਿਚ ਮੈਨੂੰ ਕੋਈ ਝਿਜਕ ਨਹੀਂ ਹੈ। ਇਹਦੇ ਨਾਲ ਹੀ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਹ ਸਵਾਲ ਕਿ ਭਲਾ ਮੋਅਜਜ਼ਿਆਂ ਦੇ ਦਾਨ ਮਿਲਣੇ ਬੰਦ ਹੋ ਗਏ ਹਨ ਜਾਂ ਨਹੀਂ ਮੇਰੇ

ਇਹ ਸਾਬਤ ਕਰਨ ਤੇ ਨਿਰਭਰ ਨਹੀਂ ਹੈ ਕਿ ਮੋਅਜਜ਼ੇ ਕਰਨ ਦੇ ਦਾਨ ਸਿਰਫ਼ ਰਸੂਲਾਂ ਦੇ ਹੱਥ ਰੱਖਣ ਨਾਲ ਹੀ ਦਿੱਤੇ ਜਾਂਦੇ ਹਨ। ਬਹੁਤ ਸਾਰੇ ਜ਼ਬਰਦਸਤ ਤਰਕ ਹਨ ਜਿਨ੍ਹਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਮੋਅਜਜ਼ਿਆਂ ਦੇ ਦਾਨ ਮਿਲਣੇ ਬੰਦ ਹੋ ਗਏ ਹਨ। [34]ਸਾਮਰੀਆਂ ਵਿਚ ਪ੍ਰਚਾਰ ਨਾਲ ਉਹ ਜੋਸ਼ ਨਹੀਂ ਆਇਆ ਜੋ ਬਾਅਦ ਵਿਚ ਗੈਰ ਕੌਮਾਂ ਵਿਚ ਪ੍ਰਚਾਰ ਨਾਲ ਆਇਆ [11:1, 2]। ਸਾਮਰੀਆਂ ਵੱਲੋਂ ਯਿਸੂ ਨੂੰ ਕਬੂਲ ਕਰਨਾ ਸ਼ਾਇਦ ਇਕ ਕਾਰਕ ਹੈ ਕਿ ਉਹ ਸੁੰਨਤ ਵਿਚ ਯਕੀਨ ਰੱਖਦੇ ਸਨ ਅਤੇ ਕਰਾਉਂਦੇ ਵੀ ਸਨ (ਯੂਹੰਨਾ 4:1-42)। [35]ਆਇਤ 15 ਕਹਿੰਦੀ ਹੈ ਕਿ ਪਤਰਸ ਅਤੇ ਯੂਹੰਨਾ ਨੇ ''ਉਹਨਾਂ ਦੇ ਲਈ ਪ੍ਰਾਰਥਨਾ ਕੀਤੀ ਕਿ ਉਹ ਪਵਿੱਤਰ ਆਤਮਾ ਪਾਉਣ,'' ਜਿਸ ਕਰਕੇ ਕਈ ਲੋਕਾਂ ਨੇ ਸੁਝਾਅ ਦਿੱਤਾ ਹੈ ਕਿ ਪ੍ਰਾਰਥਨਾ ਰਸੂਲਾਂ ਦੇ ਖ਼ਾਸ ਦਾਨ ਦੇਣ ਦਾ ਬਦਲਵਾਂ ਢੰਗ ਸੀ। ਇਹ ਕਿੰਤੂ-ਪਰੰਤੂ ਦੀ ਗੱਲ ਨਹੀਂ ਹੈ। ਰਸੂਲਾਂ ਨੇ ਉਨ੍ਹਾਂ ਸੱਤਾਂ ਤੇ ਹੱਥ ਰੱਖਣ ਤੇ ਪਹਿਲਾਂ, ਦੁਆ ਕੀਤੀ ਸੀ (6:6)। ਰਸੂਲ ਹਰ ਮੌਕੇ ਤੇ ਦੁਆ ਕਰਦੇ ਸਨ (1:14, 24; 4:24)। ਪਰ ਲਿਖਤ ਦੱਸਦੀ ਹੈ ਕਿ ਦਾਨ ਹੱਥ ਰੱਖਣ ਨਾਲ ਹੀ ਦਿੱਤੇ ਜਾਂਦੇ ਸਨ (8:18)। [36]ਖ਼ੁਦਾ ਦੇ ਦਾਨ ਨੂੰ ਪੈਸੇ ਨਾਲ ਖਰੀਦਣ ਦੀ ਸ਼ਮਊਨ ਦੀ ਕੋਸ਼ਸ਼ ਨੇ ਅੰਗ੍ਰੇਜ਼ੀ ਭਾਸ਼ਾ ਦੇ ''simony'' ਸ਼ਬਦ ਨੂੰ ਜਨਮ ਦਿੱਤਾ ਹੈ। ''Simony'' (ਮੱਧ ਕਾਲ ਵਿਚ ਪਾਇਆ ਜਾਣ ਵਾਲਾ ਇਕ ਪਾਪ) ਕਲੀਸੀਆ ਦੇ ਅਹੁਦੇ ਜਾਂ ਅਧਿਕਾਰ ਨੂੰ ਖ਼ਰੀਦਣ ਅਤੇ ਵੇਚਣ ਲਈ ਵਰਤਿਆ ਜਾਂਦਾ ਸੀ। [37]ਪਤਰਸ ਦੇ ਸ਼ਬਦ ਉਸ ਨਾਲੋਂ ਸਖ਼ਤ ਹਨ ਜੋ ਪੰਜਾਬੀ ਵਿਚ ਨਜ਼ਰ ਆਉਂਦੇ ਹਨ-ਅਨੁਵਾਦਕ। ਮੂਲ ਵਿਚ ਉਹਨੇ ਕਿਹਾ, ''ਤੇਰੀ ਚਾਂਦੀ ਤੇਰੇ ਨਾਲ (ਹਮੇਸ਼ਾ ਲਈ) ਨਾਸ ਹੋਵੇ!'' ਇਹਦਾ ਮਤਲਬ ਇਹ ਨਹੀਂ ਕਿ ਪਤਰਸ ਨੇ ਸ਼ਮਊਨ ਨੂੰ ਆਪਣੇ ਵੱਲੋਂ ਨਰਕ ਵਾਸਤੇ ਦੇ ਦਿੱਤਾ। ਆਇਤ 22 ਵਿਚ ਪਤਰਸ ਨੇ ਉਸ ਸੰਭਾਵਨਾ ਨੂੰ ਮੰਨਿਆ ਕਿ ਸ਼ਮਊਨ ਨੂੰ ਮਾਫ਼ੀ ਮਿਲ ਸਕਦੀ ਸੀ। [38]ਇੱਥੇ ''ਪ੍ਰਮੇਸ਼ਵਰ ਦੀ ਦਾਤ'' ਮੋਅਜਜ਼ੇ ਕਰਨ ਦੇ ਦਾਨ ਨੂੰ ਨਹੀਂ ਕਿਹਾ ਗਿਆ, ਸਗੋਂ ਉਹ ਯੋਗਤਾ (ਭਾਵ ਉਹ ਦਾਨ ਜੋ ਰਸੂਲਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਪਾਉਣ ਤੇ ਮਿਲਿਆ ਸੀ) ਮਿਲਣ ਦੇ ਦਾਨ ਨੂੰ ਕਿਹਾ ਗਿਆ ਹੈ। [39]''ਇਸ ਗੱਲ'' ਸ਼ਬਦ ਅਸਪਸ਼ਟ ਹੈ। NIV ਵਿਚ ''ਇਸ ਸੇਵਕਾਈ'' ਹੈ (ਯਾਨੀ, ਲੋਕਾਂ ਉੱਤੇ ਹੱਥ ਰੱਖਣ ਦੀ ਗੱਲ)। ਇਹ ਸੰਭਾਵਨਾ ਜ਼ਿਆਦਾ ਹੈ ਕਿ ਪਤਰਸ ਮੁਕਤੀ ''ਅਰਥਾਤ, ਖ਼ੁਸ਼ਖ਼ਬਰੀ ਦੀਆਂ ਬਰਕਤਾਂ ਵਿਚ'' ਦੀ ਗੱਲ ਕਰ ਰਿਹਾ ਹੋਵੇ (ਆਈ. ਹਾਵਰਡ ਮਾਰਸ਼ਲ, *ਦ ਐਕਟਸ ਆਫ਼ ਦ ਅਪੋਸਟਲਸ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀ, ਸਧਾਰਣ ਸੰਸਕਰਣ, ਆਰ. ਵੀ. ਜੀ. ਟਾਸਕਰ [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡ ਮੈਨ ਪਬਲਿਸ਼ਿੰਗ ਕੰ., 1980], 159)। ''ਜੇ ਖ਼ੁਦਾ ਦੇ ਸਾਹਮਣੇ ਉਹਦਾ ਮਨ ਸਾਫ਼ ਹੁੰਦਾ, ਤਾਂ ਵੀ ਪਵਿੱਤਰ ਆਤਮਾ ਦੇ ਦੇਣ ਵਿਚ ਉਹਦੀ ਕੋਈ ਸਾਂਝ ਨਹੀਂ ਸੀ'' (ਜੇ. ਡਬਲਯੂ. ਮੈਕਗਰਵੇ, *ਨਿਊ ਕਮੈਂਟਰੀ ਆਨ ਐਕਟਸ ਆਫ਼ ਅਪੋਸਟਲਸ,* ਅੰਕ 1 [ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲਿਸ਼ਿੰਗ ਕੰ., ਮਿਤੀ ਰਹਿਤ], 147)। [40]ਮੂਲ ਵਿਚ, ਇਹਦਾ ਮਤਲਬ ਹੈ ਕਿ ''ਤੇਰਾ ਮਨ ਸਿੱਧਾ ਨਹੀਂ ਹੈ,'' ਯਾਨੀ ਉਹਦਾ ਮਨ ''ਟੇਢਾ'' ਸੀ।

[41]ਪਤਰਸ ਦੇ ਸਖ਼ਤ ਸ਼ਬਦ ਇਕ ਅਹਿਮ ਸੱਚਾਈ ਨੂੰ ਰੇਖਾਂਕਿਤ ਕਰਦੇ ਹਨ। ਪਾਪੀਆਂ ਨਾਲ ''ਸਖ਼ਤ ਹੋਣ'' ਦਾ ਸਮਾਂ ਅਤੇ ਸਥਾਨ ਹੈ, ਖ਼ਾਸ ਕਰਕੇ ਜਦ ਇਕ ਪਾਪੀ ਇਹ ਅਹਿਸਾਸ ਕੀਤੇ ਬਿਨਾਂ ਨਰਕ ਵਿਚ ਸਿਰ ਭਾਰ ਜਾਂਦਾ ਹੋਵੇ। [42]ਬਾਅਦ ਵਿਚ 2 ਪਤਰਸ 2:20-22 ਲਿਖਦਿਆਂ ਪਤਰਸ ਦੇ ਦਿਮਾਗ਼ ਵਿਚ ਸ਼ਮਊਨ ਹੀ ਹੋਵੇਗਾ। [43]''ਸਰੀਰ ਨੂੰ ਮਾਰਨਾ ਕੁੱਟਣਾ'' ਆਪਣੇ ਆਪ ਨੂੰ ਅਨੁਸ਼ਾਸਿਤ ਕਰਨ ਲਈ ਅਲੰਕਾਰ ਹੈ। ਪੌਲੁਸ ਨੇ ਆਪਣੇ ਸਰੀਰ ਦਾ ਅਪਮਾਨ ਨਹੀਂ ਕੀਤਾ (1 ਕੁਰਿੰਥੀਆਂ 6:9; 3:16, 17)। [44]ਵਾਜਬ ਹੋਵੇ, ਤਾਂ ਤੁਸੀਂ ਇਕ ਗੁਮਰਾਹ ਮਸੀਹੀ ਨੂੰ ਉਹਦੇ ਰਾਹ ਭਟਕ ਜਾਣ ਤੇ, ਪ੍ਰਭੂ ਅਤੇ ਉਹਦੀ ਕਲੀਸੀਆ ਵਿਚ ਲਿਆਉਣ ਲਈ ਕੁਝ ਸਮਾਂ ਬਿਤਾਓ (ਗਲਾਤੀਆਂ 6:1; ਯਾਕੂਬ 5:19, 20)। [45]ਜਿਵੇਂ ਅਸੀਂ ਪਹਿਲਾਂ ਵੇਖਿਆ ਸੀ, ਪ੍ਰਮੇਸ਼ਵਰ ਦੀ ਪ੍ਰੇਰਣਾ ਤੋਂ ਰਹਿਤ ਬਾਅਦ ਦੀਆਂ ਪਰੰਪਰਾਵਾਂ ਮੁਤਾਬਕ, ਸ਼ਮਊਨ ਨੇ ਤੌਬਾ ਨਹੀਂ ਕੀਤੀ ਸੀ ਸਗੋਂ ਉਹ ਪਤਰਸ ਦਾ ਕੱਟੜ ਦੁਸ਼ਮਣ ਅਤੇ ਬਹੁਤ ਸਾਰੀਆਂ ਝੂਠੀਆਂ ਸਿੱਖਿਅਵਾਂ ਸ਼ੁਰੂ ਕਰਨ ਵਾਲਾ ਬਣ ਗਿਆ। ਮੈਂ ਉਨ੍ਹਾਂ ਵੱਲ ਹਾਂ ਜੋ ਮੰਨਦੇ ਹਨ ਕਿ ਨਿਕੋਲਾਸ ਦੇ ਨਾਂਅ ਵਾਂਗ ਸ਼ਮਊਨ ਦਾ ਨਾਂਅ ਝੂਠੀ ਸਿੱਖਿਆ ਦੇਣ ਵਾਲਿਆਂ ਵੱਲੋਂ ਅਪਣਾ ਲਿਆ ਗਿਆ (6:5 ਤੇ ਨੋਟਸ ਵੇਖੋ)। ਯਕੀਨਨ ਹੀ ਸ਼ਮਊਨ ਨੇ ਸੱਚਮੁੱਚ ਤੌਬਾ ਕੀਤੀ ਜਾਂ ਨਹੀਂ, ਇਸ ਨਾਲ ਇਸ ਸਵਾਲ ਤੇ ਕੋਈ ਅਸਰ ਨਹੀਂ ਪੈਂਦਾ ਕਿ ਉਹ ਸੱਚਮੁੱਚ ਬਦਲਿਆ ਅਤੇ ਫਿਰ ਗਿਆ ਅਤੇ ਨਾ ਹੀ ਇਸ ਉੱਤੇ ਕਿ ਤੌਬਾ ਕਰਕੇ ਉਹ ਵਾਪਸ ਆ ਸਕਿਆ। [46]''ਸਾਖੀ ਦਿੱਤੀ'' ਰਸੂਲਾਂ ਦੇ ਕੰਮ 1 ਅਧਿਆਇ ਵਿਚ ਅਨੁਵਾਦ ਹੋਏ ਸ਼ਬਦ ''ਗਵਾਹੀ'' ਦਾ ਕ੍ਰਿਆ ਰੂਪ ਹੈ। [47]''ਫ਼ਿਲਿੱਪੁਸ ਅਤੇ ਪਤਰਸ ਦੀਆਂ ਯਾਤਰਾਵਾਂ'' ਵਾਲਾ ਨਕਸ਼ਾ ਵੇਖੋ। ਕਿਵੇਂ ਨਾ ਕਿਵੇਂ, ਯਿਸੂ ਨੂੰ ਯਾਕੂਬ ਦੇ ਖੂਹ ਉੱਤੇ ਮਿਲੀ ਔਰਤ ਨੂੰ ਇਹ ਜਾਣਨ ਦਾ ਮੌਕਾ ਮਿਲ ਗਿਆ ਸੀ ਕਿ ''ਜੀਵਨ ਦੇ ਜਲ'' ਤੋਂ ਯਿਸੂ ਦੇ ਕਹਿਣ ਦਾ ਕੀ ਅਰਥ ਸੀ (ਯੂਹੰਨਾ 4:10-15)! [48]ਭਾਵੇਂ ਅਸੀਂ ਕਲੀਸੀਆ ਵਿਚ ਇਕ ਯਹੂਦੀ ਮੁਰੀਦ ਬਾਰੇ ਪੜ੍ਹ ਚੁਕੇ ਹਾਂ (6:5), ਪਰ ਅਸੀਂ ਕਿਸੇ ਯਹੂਦੀ ਮੁਰੀਦ ਦੀ ਮਨਬਦਲੀ ਨੂੰ ਵਿਸਤਾਰ ਨਾਲ ਨਹੀਂ ਵੇਖਿਆ। ਇਸ

ਦੀ ਚਰਚਾ ਇਸ ਕਿਤਾਬ ਦੇ ਆਖ਼ਰੀ ਪਾਠ ਵਿਚ ਕੀਤੀ ਜਾਵੇਗੀ। [49]ਆਤਮਾ ਦੀ ਪ੍ਰੇਰਣਾ ਤੋਂ ਰਹਿਤ ਰਵਾਇਤ ਮੁਤਾਬਕ, ਖੋਜਾ ਖੁਸ਼ਖ਼ਬਰੀ ਇਥੋਪੀਆ ਵਿਚ ਲੈ ਗਿਆ। ਰਵਾਇਤ ਨਾ ਵੀ ਹੁੰਦੀ ਤਾਂ ਵੀ ਲੂਕਾ ਲੇ ਸਾਥੋਂ ਉਮੀਦ ਕਰਨੀ ਸੀ ਕਿ ਅਸੀਂ ਸਮਝ ਲਈਏ ਕਿ ਖੋਜੇ ਨੇ ਵੀ ਉਹੀ ਕੀਤਾ ਜੋ ਹੋਰ ਮਸੀਹੀ ਲੋਕਾਂ ਨੇ ਕੀਤਾ (8:4)। [50]ਪ੍ਰਚਾਰਕ ਨੂੰ ਤਨਖ਼ਾਹ ਦੇਣਾ ਵਚਨ ਦੇ ਅਨੁਸਾਰ ਹੈ (1 ਕੁਰਿੰਥੀਆਂ 9) ਤਾਂ ਜੋ ਉਹ ਪੂਰਾ ਸਮਾਂ ਕੰਮ ਕਰ ਸਕੇ, ਪਰ ਅਸੀਂ ਪ੍ਰਚਾਰਕ ਨੂੰ *ਆਪਣਾ* ਕੰਮ ਕਰਨ ਲਈ ਤਨਖਾਹ ਨਹੀਂ ਦੇ ਸਕਦੇ।

[51]ਅਸੀਂ ਸੰਕੇਤ ਹੈ ਕਿ ਰਸੂਲ ਆਪਣੀਆਂ ਕੋਸ਼ਸ਼ਾਂ ਲਈ ਪੂਰਾ ਸਮਾਂ ਦਿੰਦੇ ਸਨ ਅਤੇ ਇਹ ਕਿ ਉਹ ਅਤੇ ਉਨ੍ਹਾਂ ਦੇ ਪਰਿਵਾਰ ਕਲੀਸੀਆ ਤੇ ਹੀ ਨਿਰਭਰ ਸਨ (3:6; 6:4; 1 ਕੁਰਿੰਥੀਆਂ 9:1-6)। [52]ਅਨੁਵਾਦ ਹੋਏ ਸ਼ਬਦ ''ਸੁਣਾਉਂਦੇ ਫਿਰੇ'' ਖੁਲੇਆਮ ਮੁਨਾਦੀ ਕਰਨਾ ਨਹੀਂ ਸੀ। 1 ਤਿਮੋਥਿਉਸ 2 ਅਤੇ 1 ਕੁਰਿੰਥੀਆਂ 14 ਦੇ ਮੁਤਾਬਕ, ਔਰਤਾਂ ਘਰਾਂ ਵਿਚ ਅਜਿਹਾ ਕਰਦੀਆਂ ਹੋਣਗੀਆਂ। ਉਨ੍ਹਾਂ ਮਸੀਹੀ ਔਰਤਾਂ ਦੀਆਂ ਉਦਾਹਰਣਾਂ ਨੂੰ ਜਾਣਨ ਲਈ ਕਿ ਉਹ ਕੀ ਕਰਦੀਆਂ ਸਨ, ਵੇਖੋ ਰਸੂਲਾਂ ਦੇ ਕੰਮ 18:26.




**ਫ਼ਿਲਿੱਪੁਸ ਅਤੇ ਪਤਰਸ ਦੀਆਂ ਯਾਤਰਾਵਾਂ**